# FARM AND SPICE

Open 7 Days a Week
8.30 am to 9.00 pm

**SPECIAL OFFERS: 10-16 MAR**

Daily Specials on

ਗਾਲਾ ਬੀ ਸੀ ਸੇਬ
Gala BC Apple 99¢ /lb

ਐਂਬ੍ਰੋਸੀਆ ਸੇਬ
Ambrosia Apple $1.29 /lb

ਸੰਤਰਾ ਨਿੱਕਾ/ਵੱਡਾ
Orange Small/Large 99¢ /lb

ਧਨੀਆ
Cilantro 69¢ each

ਆਵੋਕਾਡੋ
Avocado 89¢ each

ਟਮਾਟਰ
Tomatoes Roma $1.49 /lb

ਬ੍ਰੋਕਲੀ
Brocolli $1.99 /lb

ਵੈਜੀ ਮੈਰੋ
Veggie Marrow $1.49 /lb

ਘੀਆ
Opo Long $1.49 /lb

ਇੰਡੀਅਨ ਬੈਂਗਣ
Indian Egg Plant $1.99 /lb

ਲਾਲ/ਹਰੇ ਅੰਗੂਰ
Red/Green Grapes $2.99 /lb

ਏ-ਪਲਸ ਸੋਯਾ
Aplus Soya Chunks/ Mini Chunks 200g $1.99 each

ਜੰਬੋ ਬੈਂਗਣ
Eggplant Jumbo $1.99 each

ਟਾਟਾ ਨਮਕ
Tata Salt $1.99 each

ਬਦਾਮ
Almonds Supreme Quality $4.49 /lb

ਢਿੱਲੋਂ ਬਿਸਕੁਟ
Dhillon Punjabi Biscuit 1.5lb $5.99 each

ਬਿਕਾਨੋ ਸੂਜੀ ਰੱਸ
Bikano Suji Rusk 600g $3.99 each

ਯਮਕੀਨਜ਼ ਪਾਣੀ ਪੂਰੀ
Yamkeens Pani Puri 360g $4.99 each

ਪਾਰਲੀਮੈਂਟ ਚਾਵਲ
Parliament Rozana Basmati Rice 8 lb $7.99 each

ਟਾਟਾ ਚਾਹ
Tata Tea Premium 220 bags $8.99 each

ਮੋਗਰਾ ਚਾਵਲ
Mogra Basmati Rice 10 kgs $9.99 each

ਮੋਗਰਾ ਚਾਵਲ
Mini Mogra Basmati Rice 10 kgs $9.99 each

ਹੀਰ ਆਟਾ
Heer Atta Multigrain 10lb $10.99 each

ਨੂਰ ਚਾਵਲ
Noor Premium Basmati 10lb $10.99 each

ਸੈਂਚੁਰੀ ਚਾਹ
Century No. 1 Premium Tea 1kg $11.99 each

**AMUL PRODUCTS AVAILABLE HERE**

ਏ ਪੱਲਸ ਚਾਵਲ
A+Plus Everyday Basmati Rice 5kg $11.99 each

**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ਕਸ਼ਮੀਰੀ ਵਫ਼ਦ ਜਿਨੇਵਾ ਵਿਚ UNHRC ਦੇ 52ਵੇਂ ਸੈਸ਼ਨ ਵਿਚ ਸ਼ਾਮਲ ਹੋਇਆ

ਜਿਨੇਵਾ: ਕੰਟਰੋਲ ਰੇਖਾ (ਐੱਲ. ਓ. ਸੀ.) ਦੇ ਦੋਹਾਂ ਪਾਸਿਆਂ ਤੋਂ 10 ਮੈਂਬਰੀ ਕਸ਼ਮੀਰੀ ਵਫਦ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਦੇ 52ਵੇਂ ਸੈਸ਼ਨ ਵਿਚ ਹਿੱਸਾ ਲਵੇਗਾ। ਕਸ਼ਮੀਰ ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਰਿਲੇਸ਼ਨਜ਼ (ਕੇਆਈਆਈਆਰ) ਦੇ ਚੇਅਰਮੈਨ ਅਲਤਾਫ਼ ਹੁਸੈਨ ਵਾਨੀ, ਸਈਅਦ ਫੈਜ਼ ਨਕਸ਼ਬੰਦੀ, ਸਰਦਾਰ ਅਮਜਦ ਯੂਸਫ਼ ਖ਼ਾਨ, ਸ਼ਮੀਮ ਸ਼ਾਲ, ਹਸਨ ਅਲ ਬਾਨ, ਐਡਵੋਕੇਟ ਪਰਵੇਜ਼ ਸ਼ਾਹ, ਡਾ. ਵਲੀਦ ਰਸੂਲ, ਡਾ: ਸ਼ਗੁਫ਼ਤਾ ਅਸ਼ਰਫ਼, ਡਾ. ਸਾਇਰਾ ਸ਼ਾਹ ਅਤੇ ਸ਼੍ਰੀਮਤੀ ਨਾਇਲੀਆ ਅਲਤਾਫ ਕਿਆਨੀਸੈਸ਼ਨ ਵਿੱਚ ਸ਼ਾਮਲ ਹੋਣ ਲਈ ਜਿਨੀਵਾ ਵਿੱਚ ਹਨ। ਇਹ ਵਫ਼ਦ ਵੱਖ ਵੱਖ ਦੇਸ਼ਾਂ ਦੇ ਹਾਈ ਕਮਿਸ਼ਨਰਜ਼, ਵਿਸ਼ੇਸ਼ ਸਹਿਯੋਗੀਆਂ, ਡਿਪਲੋਮੈਟਾਂ ਅਤੇ ਅੰਤਰਰਾਸ਼ਟਰੀ ਗੈਰ-ਸਰਕਾਰੀ ਸੰਗਠਨਾਂ ਦੇ ਪ੍ਰਤੀਨਿਧੀਆਂ ਨਾਲ ਕਈ ਮਹੱਤਵਪੂਰਨ ਮੀਟਿੰਗਾਂ ਵਿੱਚ ਹਿੱਸਾ ਲਵੇਗਾ। ਮੁੱਖ ਉਦੇਸ਼ ਭਾਰਤ  ਅਧੀਨ  ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਖਾਸ ਤੌਰ 'ਤੇ ਗੈਰ-ਨਿਆਇਕ ਹੱਤਿਆਵਾਂ, ਜਾਇਦਾਦਾਂ ਦੀ ਵਿਆਪਕ ਤਬਾਹੀ, ਅਸਹਿਮਤੀ 'ਤੇ ਰੋਕ, ਲੋਕਾਂ ਦੇ ਸਿੱਖਿਆ ਦੇ ਅਧਿਕਾਰ ਅਤੇ ਧਾਰਮਿਕ ਅਧਿਕਾਰਾਂ 'ਤੇ ਹਮਲੇ ਦੀਆਂ ਵਧਦੀਆਂ ਘਟਨਾਵਾਂ 'ਤੇ ਧਿਆਨ ਕੇਂਦਰਿਤ ਕਰਨਾ ਹੋਵੇਗਾ ਅਤੇ ਕਸ਼ਮੀਰੀ ਕੈਦੀਆਂ ਦੀ ਦੁਰਦਸ਼ਾ ਸੰਸਾਰ ਨੂੰ ਦੱਸਣੀ ਹੋਵੇਗੀ। ਇਹ ਵਫ਼ਦ ਦੁਨੀਆਂ ਨੂੰ ਭਾਰਤ ਸਰਕਾਰ ਦੇ ਖ਼ਤਰਨਾਕ ਮਨਸੂਬਿਆਂ ਤੋਂ ਜਾਣੂ ਕਰਵਾਏਗਾ।

# ਭਾਰਤ ਕਰ ਰਿਹੈ ਨੇਪਾਲ ਦੀ ਪ੍ਰਭੂਸੱਤਾ ਤੇ ਹਮਲਾ:ਕੇਪੀ ਸ਼ਰਮਾ ਓਲੀ

ਕਾਠਮੰਡੂ- ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਕਿਹਾ ਹੈ ਕਿ ਸਰਕਾਰ ਨੇ ਨੇਪਾਲ ਵਿੱਚ ਬੋਧੀ ਯੂਨੀਵਰਸਿਟੀ ਦੀ ਸਥਾਪਨਾ ਲਈ ਭਾਰਤ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਾਬਕਾ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਰਕਾਰ ਭਾਰਤ ਨੂੰ ਉਸ ਖੇਤਰ ਵਿੱਚ ਇੱਕ ਬੋਧੀ ਯੂਨੀਵਰਸਿਟੀ ਸਥਾਪਤ ਕਰਨ ਦੀ ਇਜਾਜ਼ਤ ਦੇਣ ਦੀ ਯੋਜਨਾ ਬਣਾ ਰਹੀ ਹੈ ਜਿੱਥੇ 20ਵੀਂ ਸਦੀ ਵਿੱਚ ਤਿੱਬਤ ਤੋਂ ਭੱਜਣ ਤੋਂ ਬਾਅਦ ਖੰਪਾ ਵਿਦਰੋਹੀਆਂ ਨੂੰ ਸੈਟਲ ਕੀਤਾ ਸੀ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ। ਕਿ "ਸਰਕਾਰ ਇਸ ਤਰਾਂ ਕਰਕੇ  ਨੂੰ ਵਿਦੇਸ਼ੀਆਂ ਲਈ ਨੇਪਾਲ ਨੂੰ ਜੰਗ ਮੈਦਾਨ ਵਿੱਚ ਬਦਲ ਰਹੀ ਹੈ। ਸਰਕਾਰ ਭਾਰਤ ਨੂੰ ਮਸਤਾਂਗ ਵਿੱਚ ਇੱਕ ਬੋਧੀ ਕਾਲਜ ਖੋਲ੍ਹਣ ਦੀ ਇਜਾਜ਼ਤ ਦੇਣਾਂ  ਦੇਸ਼ ਦੀ ਪ੍ਰਭੂਸੱਤਾ 'ਤੇ ਹਮਲਾ ਹੈ, "ਸਾਬਕਾ ਪ੍ਰਧਾਨ ਮੰਤਰੀ ਨੇ ਮੌਜੂਦਾ ਪ੍ਰਧਾਨ ਮੰਤਰੀ 'ਤੇ ਹਿਮਾਲੀਅਨ ਖੇਤਰ ਵਿੱਚ ਬੋਧੀ ਕਾਲਜ ਖੋਲ੍ਹਣ ਦੇ ਭਾਰਤ ਦੇ ਪ੍ਰਸਤਾਵ ਨੂੰ ਸਵੀਕਾਰ ਕਰਕੇ ਚੀਨ ਨੂੰ ਧੋਖਾ ਦੇਣ ਦਾ ਵੀ ਦੋਸ਼ ਲਗਾਇਆ। ਓਲੀ ਨੇ ਕਿਹਾ, "ਵਿਦੇਸ਼ੀਆਂ ਨੂੰ ਖੁਸ਼ ਕਰਨ ਲਈ ਮਸਤਾਂਗ ਵਿੱਚ ਇੱਕ ਬੋਧੀ ਕਾਲਜ ਦੀ ਸਥਾਪਨਾ ਕਰਨਾ ਸਾਡੀ ਕੌਮੀਅਤ ਉੱਤੇ ਹਮਲਾ ਹੈ ਅਤੇ ਚੀਨ ਨਾਲ ਵਿਸ਼ਵਾਸਘਾਤ ਹੈ, ਜੋ ਸਾਡਾ ਦੋਸਤ ਰਾਸ਼ਟਰ ਹੈ। ਤੁਹਾਨੂੰ ਅਜਿਹੀ ਜਗ੍ਹਾ 'ਤੇ ਬੋਧੀ ਕਾਲਜ ਦੀ ਕਿਉਂ ਲੋੜ ਹੈ ਜਿੱਥੇ ਕੋਈ ਨਹੀਂ ਰਹਿੰਦਾ? ਇਹ ਇੱਕ ਖ਼ਤਰਨਾਕ ਯੋਜਨਾ ਹੈ ਜਿਸਦਾ ਸਾਨੂੰ ਵਿਰੋਧ ਕਰਨਾ ਚਾਹੀਦਾ ਹੈ ।

# ਜਰਮਨ ਦੀਆਂ ਦੋ ਸਿੱਖ ਜਥੇਬੰਦੀਆਂ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ

ਮਾਨਹਈਮ (ਜਰਮਨੀ), (ਬਸੰਤ ਸਿੰਘ ਰਾਮੂਵਾਲੀਆ)- ਜਰਮਨ ਦੀਆਂ ਦੋ ਸਿੱਖ ਜਥੇਬੰਦੀਆਂ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਜਰਮਨੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਰਮਨੀ ਦੇ ਆਗੂਆਂ ਭਾਈ ਲਖਵਿੰਦਰ ਸਿੰਘ ਮੱਲ੍ਹੀ ਪ੍ਰਧਾਨ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਜਰਮਨੀ, ਭਾਈ ਹੀਰਾ ਸਿੰਘ ਮੱਤੇਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਰਮਨੀ ਤੇ ਭਾਈ ਜਗਤਾਰ ਸਿੰਘ ਮਾਹਲ ਨੇ ਸਾਂਝੇ ਬਿਆਨ 'ਚ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਵਲੋਂ ਅੰਮ੍ਰਿਤ ਪਾਨ ਕਰਾਉਣ ਦੀ ਚਲਾਈ ਜਾ ਰਹੀ ਲਹਿਰ ਦੌਰਾਨ ਸਿੱਖ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਅਜਨਾਲਾ ਘਟਨਾ ਦੀ ਆੜ ਹੇਠ ਪੰਥ ਵਿਰੋਧੀ ਤਾਕਤਾਂ ਦਾ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਖ਼ਿਲਾਫ਼ ਪੂਰਾ ਜ਼ੋਰ ਲੱਗਾ ਹੋਇਆ ਹੈ। ਇਹ ਤਾਕਤਾਂ ਬਰਦਾਸ਼ਤ ਨਹੀਂ ਕਰ ਰਹੀਆਂ ਕਿ ਸਿੱਖ ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਸਿੱਖੀ ਸਿਧਾਂਤਾ ਅਨੁਸਾਰ ਆਪਣਾ ਜੀਵਨ ਆਰੰਭ ਕਰ ਰਹੇ ਹਨ। ਆਗੂਆਂ ਨੇ ਕਿਹਾ ਦੋਵੇਂ ਸਿੱਖ ਜਥੇਬੰਦੀਆਂ ਭਾਈ ਅੰਮ੍ਰਿਪਾਲ ਸਿੰਘ ਖ਼ਾਲਸਾ ਦੀ ਪੂਰਨ ਹਮਾਇਤ ਕਰਦੀਆਂ ਹਨ।

# ਅਗਲੇ 3 ਸਾਲਾਂ ਵਿਚ ਆਜ਼ਾਦ ਕਸ਼ਮੀਰ 'ਤੇ ਹਮਲਾ ਕਰਾਂਗੇ ਅਤੇ ਇਸ 'ਤੇ ਕਬਜ਼ਾ ਕਰਾਂਗੇ:ਭਾਜਪਾ ਆਗੂ



ਨਵੀਂ ਦਿੱਲੀ:ਅਗਲੇ ਤਿੰਨ ਸਾਲਾਂ ਵਿੱਚ ਆਜ਼ਾਦ ਕਸ਼ਮੀਰ 'ਤੇ ਹਮਲਾ ਕਰਾਂਗੇ ਅਤੇ ਇਸ 'ਤੇ ਕਬਜ਼ਾ ਕਰਾਂਗੇ। ਰੋਹਤਕ ਵਿੱਚ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਮਲ ਗੁਪਤਾ ਨੇ ਕਿਹਾ, "ਅਸੀਂ ਰਾਮ ਮੰਦਰ ਦੇ ਨਿਰਮਾਣ ਲਈ ਰਾਹ ਪੱਧਰਾ ਕੀਤਾ ਹੈ। ਅਸੀਂ ਧਾਰਾ 370 ਨੂੰ ਰੱਦ ਕਰ ਦਿੱਤਾ ਹੈ। ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੁਜ਼ੱਫਰਾਬਾਦ ਅਤੇ ਹੋਰ ਥਾਵਾਂ 'ਤੇ ਭਾਰਤ ਨਾਲ ਰਲਣ ਦੀ ਮੰਗ ਹੋ ਰਹੀ ਹੈ। "2014 ਤੋਂ ਪਹਿਲਾਂ ਅਸੀਂ ਮਜ਼ਬੂਤ ਨਹੀਂ ਸੀ, ਪਰ ਹੁਣ ਅਸੀਂ ਮਜ਼ਬੂਤ ਹੋ ਗਏ ਹਾਂ। ਪਾਕਿਸਤਾਨ ਨੇ ਸਾਡੇ ਖੇਤਰ 'ਤੇ ਕਬਜ਼ਾ ਕਰ ਲਿਆ ਹੈ... ਅਗਲੇ ਦੋ-ਤਿੰਨ ਸਾਲਾਂ ਵਿੱਚ ਕਿਸੇ ਵੀ ਸਮੇਂ, ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਭਾਰਤ ਦਾ ਹਿੱਸਾ ਬਣ ਜਾਵੇਗਾ ਅਤੇ ਇਹ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਹੀ ਹੋਵੇਗਾ। ਦਿਲਚਸਪ ਗੱਲ ਇਹ ਹੈ ਕਿ ਰੋਹਤਕ ਦੇ ਮੰਚ ਤੋਂ ਭਾਜਪਾ ਨੇਤਾ ਨੇ ਰਾਹੁਲ ਗਾਂਧੀ ਸਮੇਤ ਵਿਰੋਧੀ ਧਿਰ ਦੇ ਨੇਤਾਵਾਂ 'ਤੇ ਹਮਲਾ ਬੋਲਿਆ, ਜਿਨ੍ਹਾਂ ਨੇ ਬਾਲਾਕੋਟ 'ਚ ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲੇ ਦੇ ਸਬੂਤ ਮੰਗੇ ਸਨ। ਉਨ੍ਹਾਂ ਕਿਹਾ ਕਿ ਭਾਰਤ ਦੇ ਸ਼ਾਸਕ ਪ੍ਰਿਥਵੀਰਾਜ ਚੌਹਾਨ ਜੈਚੰਦ ਵਰਗੇ ਗੱਦਾਰਾਂ ਕਾਰਨ ਹਾਰ ਗਏ ਸਨ ਅਤੇ ਹੁਣ ਅਜਿਹੇ ਜੈਚੰਦ ਹਵਾਈ ਹਮਲੇ ਦੇ ਸਬੂਤ ਮੰਗ ਰਹੇ ਹਨ।

# ਅੰਮ੍ਰਿਤਪਾਲ ਦੇ ਨਾਲ ਹਥਿਆਰ ਲੈ ਕੇ ਚੱਲ ਰਹੇ 9 ਸਮਰਥਕਾਂ ਦੇ ਅਸਲਾ ਲਾਇਸੈਂਸ ਹੋਣਗੇ ਕੈਂਸਲ

ਚੰਡੀਗੜ੍ਹ: ਅਜਨਾਲਾ ਵਿਚ ਹਿੰਸਕ ਪ੍ਰਦਰਸ਼ਨ ਦੀ ਘਟਨਾ ਤੋਂ ਬਾਅਦ ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਅੰਮ੍ਰਿਤਪਾਲ ਦੇ ਉਨ੍ਹਾਂ 10 ਸਮਰਥਕਾਂ ਦੀ ਪਛਾਣ ਕੀਤੀ ਗਈ ਹੈ ਜੋ ਉਨ੍ਹਾਂ ਦੇ ਨਾਲ 24 ਘੰਟੇ ਹਥਿਆਰਾਂ ਦੇ ਨਾਲ ਲੈਸ ਰਹਿੰਦੇ ਹਨ। ਇਨ੍ਹਾਂ ਦੇ ਲਾਇਸੈਂਸਾਂ 'ਤੇ ਕਈ ਹਥਿਅਰ ਦਰਜ ਹਨ। ਪੁਲਿਸ ਨੇ ਵਿਭਿੰਨ ਜ਼ਿਲ੍ਹਾ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰਕੇ ਹਥਿਆਰਾਂ ਦਾ ਬਿਓਰਾ ਮੰਗਿਆ ਹੈ। ਉਸ ਤੋਂ ਬਾਅਦ ਲਾਇਸੈਂਸ ਕੈਂਸਲ ਕਰਨ ਦੀ ਕਾਰਵਾਈ ਹੋਵੇਗੀ ਕਿਉਂਕਿ ਸਾਰਿਆਂ ਨੇ ਹਥਿਆਰ ਸੈਲਫ ਡਿਫੈਂਸ ਦੇ ਲਈ ਬਣਵਾਏ ਹਨ, ਨਾ ਕਿ ਕਿਸੇ ਦੇ ਨਾਲ ਬਤੌਰ ਸਕਿਓਰਿਟੀ ਗਾਰਡ ਦੇ ਤੌਰ 'ਤੇ ਵਰਤੋਂ ਕਰਨ ਦੇ ਲਈ। ਨਿਰਦੇਸ਼ ਤੋਂ ਬਾਅਦ ਡੀਸੀ ਫਰੀਦਕੋਟ ਨੇ ਗੁਰਭੇਜ ਸਿੰਘ ਨਿਵਾਸੀ ਪਿੰਡ ਗੋਂਦਰਾ, ਫਰੀਦਕੋਟ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ।










# ਰੀਨਾ ਰਾਏ ਆਪ ਨਹੀਂ ਬੋਲਦੀ ਉਸ ਤੋਂ ਬੁਲਵਾਇਆ ਜਾ ਰਿਹੈ:ਕਲਸੀ

ਚੰਡੀਗੜ੍ਹ:-ਦੀਪ ਸਿੱਧੂ 15 ਫਰਵਰੀ 2021 ਨੂੰ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ।ਮਰਹੂਮ ਅਦਾਕਾਰ ਤੇ ਸਮਾਜਿਕ ਕਾਰਕੁਨ ਦੀਪ ਸਿੱਧੂ ਦੀ ਦੋਸਤ ਰੀਨਾ ਰਾਏ ਦੇ ਇਨ੍ਹਾਂ ਸ਼ਬਦਾਂ ਨੇ ਉਸ ਬਹਿਸ ਨੂੰ ਹੋਰ ਹਵਾ ਦੇ ਦਿੱਤੀ ਹੈ, ਜਿਸ ਤਹਿਤ ਕੋਈ ਉਸ ਨੂੰ ''ਸ਼ਹੀਦ'' ਕਹਿ ਰਿਹਾ ਸੀ ਅਤੇ ਕੋਈ ਸੜਕ ਹਾਦਸੇ ਵਿੱਚ ਹੋਈ ਮੌਤ ਕਰਾਰ ਦੇ ਰਿਹਾ ਸੀ।"ਜਿੰਨਾ ਕੁ ਮੈਂ ਦੀਪ ਨੂੰ ਜਾਣਦੀ ਹਾਂ, ਉਹ ਸ਼ਹੀਦ ਨਹੀਂ ਸੀ। ਉਹ ਇੱਕ ਆਮ ਬੰਦਾ ਸੀ, ਹੱਕਾਂ ਲਈ ਲੜਦਾ ਸੀ।" ਦੀਪ ਸਿੱਧੂ ਦੀ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੌਜੂਦਾ ਮੁਖੀ ਅਮ੍ਰਿਤਪਾਲ ਇਹ ਦਾਅਵਾ ਕਰਦੇ ਹਨ ਕਿ ਦੀਪ ਸਿੱਧੂ ਨੂੰ ਇੱਕ ਸਾਜ਼ਿਸ਼ ਤਹਿਤ ''ਸ਼ਹੀਦ'' ਕੀਤਾ ਗਿਆ ਸੀ। ਪਿਛਲੇ ਦਿਨੀ ਪਰਿਵਾਰ ਅਤੇ ਜਥੇਬੰਦੀ ਨੇ ਉਸ ਦੇ ਦੋ ''ਸ਼ਹੀਦੀ ਸਮਾਗਮ'' ਵੀ ਕੀਤੇ ਹਨ।ਅਮ੍ਰਿਤਪਾਲ ਦੇ ਸਮਰਥਕ ਅਤੇ ਦੀਪ ਸਿੱਧੂ ਦੇ ਕਈ ਸਾਥੀ ਵੀ ਉਸ ਦੀ ਸੜਕ ਹਾਦਸੇ ਵਿੱਚ ਹੋਈ ਮੌਤ ਨੂੰ ''ਸ਼ੱਕੀ ਮੌਤ'' ਕਹਿੰਦੇ ਰਹੇ ਹਨ।

ਹੁਣ ਰੀਨਾ ਰਾਏ ਨੇ ਦੀਪ ਸਿੱਧੂ ਨੂੰ 'ਸ਼ਹੀਦ' ਕਹੇ ਜਾਣ 'ਤੇ ਇਤਰਾਜ਼ ਪ੍ਰਗਟਾ ਕੇ, ਦੀਪ ਸਿੱਧੂ ਅਤੇ ਅਮ੍ਰਿਤਪਾਲ ਦੇ ਸਮਰਥਕਾਂ ਦੇ ਦਾਅਵਿਆਂ ਰੱਦ ਕਰਕੇ ਨਵੀਂ ਬਹਿਸ ਛੇੜ ਦਿੱਤੀ ਹੈ।ਰੀਨਾ ਰਾਏ, ਜੋ ਦੀਪ ਸਿੱਧੂ ਨਾਲ ਸੜਕ ਹਾਦਸੇ ਦੌਰਾਨ ਆਖ਼ਰੀ ਸਮੇਂ ਮੌਕੇ ਉੱਤੇ ਮੌਜੂਦ ਸੀ, ਨੇ ਅਮ੍ਰਿਤਪਾਲ ਸਿੰਘ ਨਾਲ ਉਸ ਦੇ ਰਿਸ਼ਤਿਆਂ ਅਤੇ ਗਤੀਵਿਧੀਆਂ ਉੱਤੇ ਵੀ ਸਵਾਲ ਖੜ੍ਹੇ ਕੀਤੇ ਹਨ।ਰੀਨਾ ਰਾਏ ਪਿਛਲੇ ਕਈ ਦਿਨਾਂ ਤੋਂ ਵੱਖ-ਵੱਖ ਮੀਡੀਆ ਅਦਾਰਿਆਂ ਨਾਲ ਗੱਲਬਾਤ ਕਰ ਰਹੀ ਹੈ। ਰੀਨਾ ਰਾਏ ਦਾ ਕਹਿਣਾ ਹੈ ਕਿ "ਇਹ ਦੀਪ ਨੂੰ ਸ਼ਹੀਦ ਬਣਾ ਕੇ ਉਸ ਦੇ ਨਾਮ 'ਤੇ ਫੰਡਿੰਗ ਲੈ ਰਹੇ ਹਨ, ਮੇਰੇ ਕੋਲ ਇਸ ਬਾਰੇ ਕਾਫੀ ਸਬੂਤ ਹਨ।''ਨਿੱਜੀ ਨਿਊਜ਼ ਚੈਨਲ ਨਾਲ ਗੱਲ ਕਰਦਿਆਂ ਰੀਨਾ ਰਾਏ ਨੇ ਕਿਹਾ ਕਿ ਦੀਪ ਸਿੱਧੂ ਦੀ ਜਾਨ ਸੜਕ ਹਾਦਸੇ ਵਿੱਚ ਗਈ ਹੈ। ਉਹ ਕੋਈ 'ਸ਼ਹੀਦ' ਨਹੀਂ ਹੈ।ਮੈਂ ਇੰਨਾ ਪਿਆਰ ਕਰਦੀ ਦੀਪ ਨੂੰ ਕਿ ਇਸ ਦੇ ਅੱਗੇ ਸ਼ਹੀਦ ਨਹੀਂ ਲਗਾ ਸਕਦੀ।"

ਇੱਕ ਹੋਰ ਨਿੱਜੀ ਅਦਾਰੇ ਨਾਲ ਗੱਲ ਕਰਦਿਆਂ ਰੀਨਾ ਨੇ ਕਿਹਾ ਕਿ ਉਹ ਦੀਪ ਦੇ ਘਰੇ ਲੁਧਿਆਣੇ ਵੀ ਜਾਂਦੇ ਰਹਿੰਦੇ ਸੀ ਅਤੇ ਰੁਕੇ ਵੀ ਸੀ। ਉਨ੍ਹਾਂ ਦੀ ਮਾਤਾ ਨਾਲ ਵੀ ਮਿਲੇ ਸੀ।ਉਨ੍ਹਾਂ ਨੇ ਅੱਗੇ ਕਿਹਾ, "ਮੈਨੂੰ ਜਦੋਂ ਹਸਪਤਾਲ ਵਿੱਚ ਪਤਾ ਲੱਗਾ ਕਿ ਦੀਪ ਦੀ ਮੌਤ ਹੋ ਗਈ ਤਾਂ ਮੈਂ ਮਨਦੀਪ (ਦੀਪ ਦਾ ਭਰਾ) ਤੇ ਹੋਰਨਾਂ ਨੂੰ ਮੈਸੇਜ ਕੀਤੇ ਕਿ ਮੈਂ ਦੀਪ ਨੂੰ ਆ ਕੇ ਦੇਖਣਾ ਪਰ ਮੈਨੂੰ ਕੋਈ ਵੀ ਇਸ ਵੇਲੇ ਜਵਾਬ ਨਹੀਂ ਦੇ ਰਿਹਾ ਸੀ।""ਫਿਰ ਜਦੋਂ ਮੈਂ ਪੋਸਟ ਪਾਈ ਤਾਂ ਮੈਨੂੰ ਦੀਪ ਦੇ ਰਿਸ਼ਦੇ 'ਚ ਲੱਗਦੇ ਭਰਾ ਦਾ ਫੋਨ ਆਇਆ ਕਿ ਰੀਨਾ ਪੋਸਟ ਹਟਾ ਦੇ ਅਤੇ ਇੱਥੋਂ ਚਲੀ ਜਾ ਕਿਉਂਕਿ ਤੇਰੇ 'ਤੇ ਇਲਜ਼ਾਮ ਲੱਗ ਰਹੇ ਹਨ। ਮੈਨੂੰ ਵੀ ਲੱਗਾ ਕਿ ਪਰਿਵਾਰ ਹੈ, ਮੇਰਾ ਚੰਗਾ ਹੀ ਸੋਚ ਰਹੇ ਹੋਣੇ ਅਤੇ ਮੈਂ 18 ਫਰਵਰੀ ਨੂੰ ਇੱਥੋਂ ਚਲੀ ਗਈ।"

ਰੀਨਾ ਕਹਿੰਦੇ ਹਨ, "ਮੈਨੂੰ ਕੁਝ ਨਹੀਂ ਚਾਹੀਦਾ ਬਸ ਇਸ ਗੱਲ ਦਾ ਜਵਾਬ ਚਾਹੀਦਾ ਕਿ ਇਨ੍ਹਾਂ ਨੇ ਮੈਨੂੰ ਕਿਉਂ ਵਾਪਸ ਭੇਜਿਆ। ਜੇ ਇਹ ਮੇਰੇ ਨਾਲ ਨਹੀਂ ਤਾਂ ਦੀਪ ਨਾਲ ਵੀ ਕਿਉਂ ਨਹੀਂ ਖੜ੍ਹੇ, ਸੱਚ ਲਈ ਕਿਉਂ ਨਹੀਂ ਖੜ੍ਹੇ। ਘੱਟੋ-ਘੱਟ ਤੁਸੀਂ ਸਾਹਮਣੇ ਆ ਕੇ ਇਹ ਤਾਂ ਬੋਲ ਸਕਦੇ ਹੋ ਕਿ ਸੱਚ ਕੀ ਹੈ, ਅਸਲ ਵਿੱਚ ਹੋਇਆ ਕੀ ਹੈ।"

ਰੀਨਾ ਆਖਦੇ ਹਨ ਕਿ ਦੀਪ ਅਕਸਰ ਗੱਡੀ ਤੇਜ਼ ਚਲਾਉਂਦੇ ਹੁੰਦੇ ਸਨ ਅਤੇ ਉਸ ਦਿਨ ਵੀ ਉਨ੍ਹਾਂ ਦੀ ਗੱਡੀ ਦੀ ਸਪੀਡ ਕਾਫੀ ਤੇਜ਼ ਸੀ।ਅਮ੍ਰਿਤਪਾਲ ਬਾਰੇ ਬੋਲਦਿਆਂ ਉਨ੍ਹਾਂ ਨੇ ਕਿਹਾ, "ਮੈਨੂੰ ਇਸ ਬਾਰੇ ਵਧੇਰੇ ਜਾਣਕਾਰੀ ਨਹੀਂ ਪਰ ਇੰਨਾ ਕੁ ਪਤਾ ਕਿ ਅਮ੍ਰਿਤਪਾਲ ਬਲੌਕ ਸੀ। ਮੈਂ ਆਪ ਦੇਖਿਆ ਸੀ ਕਿ ਕਾਫੀ ਲੋਕ ਬਲੌਕ ਸੀ ਅਤੇ ਉਨ੍ਹਾਂ ਵਿੱਚੋਂ ਅਮ੍ਰਿਤਪਾਲ ਵੀ ਇੱਕ ਸੀ।"

"ਅਮ੍ਰਿਤਪਾਲ ਦੀ ਮੇਰੇ ਨਾਲ ਗੱਲ ਹੋਈ ਸੀ ਕਿ ਸਾਨੂੰ ਸੱਚ ਦੱਸਣ ਲਈ ਮੁਹਿਮ ਚਲਾਉਣੀ ਪੈਣੀ ਅਤੇ ਅਸੀਂ ਇਸ ਬਾਰੇ ਮਨਦੀਪ (ਦੀਪ ਸਿੱਧੂ ਦੇ ਭਰਾ) ਨੂੰ ਵੀ ਪੁੱਛਦੇ ਹਾਂ। ਉਨ੍ਹਾਂ ਨੇ ਕਿਹਾ ਕਿ 'ਮੈਨੂੰ ਨਹੀਂ ਪਤਾ ਕਿ ਪਰ ਮੈਂ ਤੇਰੇ ਨਾਲ ਹਾਂ, ਤੂੰ ਮੀਡੀਆ 'ਤੇ ਨਾ ਜਾ'।"

ਰੀਨਾ ਰਾਏ ਨੇ ਇਹ ਵੀ ਕਿਹਾ, "ਮੈਂ ਨਹੀਂ ਕਹਿੰਦੀ ਕਿ ਅਮ੍ਰਿਤਪਾਲ ਗ਼ਲਤ ਹੈ। ਮੈਂ ਅਜੇ ਵੀ ਉਨ੍ਹਾਂ ਦਾ ਸਤਿਕਾਰ ਕਰਦੀ ਹਾਂ।"ਅਮ੍ਰਿਤਪਾਲ ਸਿੰਘ ਨੇ ਰੀਨਾ ਬਾਰੇ ਬੋਲਦਿਆਂ ਕਿਹਾ ਕਿ ਰੀਨਾ ਰਾਏ ਨਾਲ ਦੀਪ ਸਿੱਧੂ ਦਾ ਰਿਸ਼ਤਾ ਸੀ ਅਤੇ ਉਹ ਵਿਆਹ ਕਰਵਾਉਣਾ ਚਾਹੁੰਦੇ ਸੀ।ਅਮ੍ਰਿਤਪਾਲ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ, "ਦੀਪ ਦੇ ਭੋਗ ਤੋਂ ਬਾਅਦ ਉਹ ਚਾਹੁੰਦੇ ਸੀ ਕਿ ਦੀਪ ਦਾ ਪਰਿਵਾਰ ਇਸ ਗੱਲ 'ਤੇ ਸਹਿਮਤੀ ਦੇਣ ਕੇ ਉਨ੍ਹਾਂ (ਰੀਨਾ) ਦਾ ਦੀਪ ਸਿੱਧੂ ਨਾਲ ਰਿਸ਼ਤਾ ਸੀ ਅਤੇ ਅਸੀਂ ਮੰਨਦੇ ਹਾਂ ਕਿ ਉਨ੍ਹਾਂ ਦੀ ਰਿਸ਼ਤਾ ਹੈ ਵੀ ਸੀ, ਇਸ ਵਿੱਚ ਮੁਕਰਨ ਵਾਲੀ ਗੱਲ ਨਹੀਂ ਕੋਈ।

ਅਸੀਂ ਤਾਂ ਉਦੋਂ ਵੀ ਕਿਹਾ ਸੀ ਤੇ ਹੁਣ ਵੀ ਕਹਿੰਦੇ ਹਾਂ ਕਿ ਦੀਪ ਨਾਲ ਉਨ੍ਹਾਂ ਦਾ ਰਿਸ਼ਤਾ ਸੀ, ਜੋ ਅਸੀਂ ਦੀਪ ਸਿੱਧੂ ਦੇ ਮੂੰਹੋਂ ਸੁਣਿਆ ਸੀ ਪਰ ਪਰਿਵਾਰ ਹੁਣ ਨਹੀਂ ਸਹਿਮਤ ਤੇ ਜ਼ਬਰਦਸਤੀ 'ਤੇ ਕਿਸੇ ਕੋਲੋਂ ਬਿਆਨ ਨਹੀਂ ਦਿਵਾਇਆ ਜਾ ਸਕਦਾ।ਅਸੀਂ ਕੋਸ਼ਿਸ਼ ਕੀਤੀ ਪਰ ਉਨ੍ਹਾਂ (ਪਰਿਵਾਰ) ਬਿਆਨ ਨਹੀਂ ਦਿੱਤਾ। ਮੈਨੂੰ ਵੀ ਲੱਗਦਾ ਹੈ ਕਿ ਉਨ੍ਹਾਂ (ਰੀਨਾ) ਨੂੰ ਵੀ ਹੁਣ ਦੀਪ ਦੇ ਜਾਣ ਤੋਂ ਬਾਅਦ ਬਦਨਾਮ ਨਹੀਂ ਕਰਨਾ ਚਾਹੀਦਾ।"ਮਨਦੀਪ ਸਿੱਧੂ ਮੰਨਦੇ ਹਨ ਕਿ ਪਹਿਲੇ ਨਜ਼ਰੇ ਦੀਪ ਸਿੱਧੂ ਦੀ ਮੌਤ ਸੜਕ ਹਾਦਸਾ ਲੱਗਦਾ ਹੈ, ਪਰ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਉਸਦੀ ਪੂਰੀ ਰਿਪੋਰਟ ਨਾ ਦੇਣਾ ਅਤੇ ਜਿਸ ਤਰ੍ਹਾਂ ਦੇ ਹਾਲਾਤ ਬਣੇ ਉਸ ਤੋਂ ਲੱਗਦਾ ਹੈ ਕਿ ਮੌਤ ਸ਼ੱਕੀ ਹੈ।ਪਰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਅਜੇ ਵੀ ਲੋਕ ਆਪੋ ਆਪਣੇ ਹਿਸਾਬ ਨਾਲ ਬਿਆਨ ਦਿੰਦੇ ਹਨ, ਕੋਈ ਆਪਣੇ ਗਲੈਮਰਸ ਫਾਇਦੇ ਲਈ ਅਤੇ ਕੋਈ ਸਿਆਸੀ ਫਾਇਦੇ ਲਈ।ਇਸ ਤੋਂ ਪਹਿਲਾਂ ਦੀਪ ਸਿੱਧੂ ਦੇ ਭਰਾ ਮਨਦੀਪ ਸਿੱਧੂ ਨੇ ਉਨ੍ਹਾਂ ਦੀ ਬਰਸੀ ਮੌਕੇ ਰੀਨਾ ਰਾਏ ਦੇ ਪਹਿਲੀ ਵੀਡੀਓ ਬਾਰੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦਾ ਜਵਾਬ ਸੰਗਤ ਨੇ ਤੇ ਪੰਥ ਦੇ ਦਿੱਤਾ ਹੈ।ਉਨ੍ਹਾਂ ਨੇ ਕਿਹਾ, "ਗੱਡੀ ਖੜ੍ਹੀ ਹੈ, ਦੇਖ ਸਕਦੇ ਹੋ ਕਿ ਕੌਣ ਬਚਾ ਸਕਦਾ ਤੇ ਕਿਸੇ ਨੂੰ ਝਰੀਟ ਵੀ ਨਹੀਂ ਵੱਜ ਸਕਦੀ। ਅੱਜ ਤੱਕ ਉਨ੍ਹਾਂ ਦਾ ਬਿਆਨ ਨਹੀਂ ਰਿਕਾਰਡ ਹੋਇਆ, ਕੀ ਅਸੀਂ ਏਜੰਸੀਆਂ ਤੋਂ, ਸਿਸਿਟਮ ਤੋਂ ਆਸ ਰੱਖਦੇ ਹਾਂ।"ਪੰਜਾਬੀ ਅਦਾਕਾਰ ਦਲਜੀਤ ਕਲਸੀ ਨੇ ਵੀ ਰੀਨਾ ਰਾਏ ਤੇ ਬਿਆਨ 'ਤੇ ਪ੍ਰਤੀਕਿਰਿਆ ਦਿੱਤੀ ਹੈ।ਉਨ੍ਹਾਂ ਨੇ ਆਪਣੀ ਫੇਸਬੁੱਕ ਉੱਤੇ ਪੋਸਟ ਪਾ ਕਿਹਾ ਹੈ, "ਜੇ ਮੈਂ ਅੱਜ ਇੱਕ ਵੀਡੀਓ ਪਾ ਦਿਆਂ ਕਿ ਭਾਈ ਸਾਬ੍ਹ (ਅਮ੍ਰਿਤਪਾਲ ਸਿੰਘ) ਦੀ ਰੱਖਿਆ ਲਈ ਜਾਂ ਜਥੇਬੰਦੀ ਲਈ ਦੇ ਹੋਰਨਾਂ ਕੰਮਾਂ ਲਈ ਪੈਸੇ ਚਾਹੀਦੇ ਹਨ ਤਾਂ ਕਰੋੜਾਂ ਰੁਪਏ ਇੱਕ ਘੰਟੇ ਵਿੱਚ ਆ ਜਾਵੇਗਾ।"ਉਨ੍ਹਾਂ ਨੇ ਦਾਅਵਾ ਕੀਤਾ ਕਿ ਰੀਨ ਰਾਏ ਆਪ ਨਹੀਂ ਬੋਲ ਰਹੀ ਉਸ ਕੋਲੋਂ ਬੁਲਵਾਇਆ ਜਾ ਕਿਹਾ ਹੈ।ਉਨ੍ਹਾਂ ਨੇ ਕਿਹਾ, "ਪਰ ਅੱਜ ਤੱਕ ਵਾਰਿਸ ਪੰਜਾਬ ਦੇ ਜਥੇਬੰਦੀ ਨੇ ਅਜਿਹਾ ਨਹੀਂ ਕੀਤਾ। ਜਥੇਬੰਦੀ ਦੇ ਜਿੰਨੇ ਬੰਦੇ ਕਿਤੇ ਵੀ ਜਾਂਦੇ ਹਨ ਤਾਂ ਪੈਸੇ ਕੋਲੋਂ ਖਰਚ ਕਰਦੇ ਹਨ।"ਉਨ੍ਹਾਂ ਨੇ ਕਿਹਾ, "ਉਸ ਨੂੰ ਪੁੱਛੋ ਕਿ ਕਿਹੜਾ ਸੱਚ ਅਸੀਂ ਰੋਕ ਰੱਖਿਆ ਸੀ। ਗੁੱਸਾ ਉਸ ਨੂੰ ਸਾਡੇ ਨਾਲ ਇਸ ਗੱਲ ਦਾ ਸੀ, ਜੋ ਵਾਰ-ਵਾਰ ਸਾਨੂੰ ਕਹਿੰਦੀ ਸੀ ਕਿ ਮਨਦੀਪ ਭਾਜੀ, ਨੂੰ ਕਹੋ ਕਿ ਉਹ ਇੱਕ ਵੀਡੀਓ ਪਾਉਣ ਜਿਸ ਵਿੱਚ ਉਹ ਕਹਿਣ ਕਿ ਰੀਨਾ ਦਾ ਦੀਪ ਸਿੱਧੂ ਦਾ ਰਿਸ਼ਤਾ ਸੀ।"ਦਲਜੀਤ ਕਲਸੀ ਨੇ ਕਿਹਾ ਕਿ ਇਹ ਹੁਣ ਦਾ ਨਹੀਂ ਉਦੋਂ ਦਾ ਹੀ ਹੈ, ਜਦੋਂ ਅਜੇ ਦੀਪ ਸਿੱਧੂ ਦਾ ਭੋਗ ਵੀ ਨਹੀਂ ਪਿਆ ਸੀ।

ਦਲਜੀਤ ਸਿੰਘ ਨੇ ਕਿਹਾ, "ਉਦੋਂ ਵੀ ਇਨ੍ਹਾਂ ਵਾਸਤੇ ਇਹ ਜ਼ਰੂਰੀ ਸੀ ਕਿ ਇਹ ਵੀਡੀਓ ਪਾਈ ਜਾਵੇ।



ਦੀਪ ਸਿੱਧੂ ਦੇ ਐਕਸੀਡੈਂਟ ਦੀ ਤਸਵੀਰ:ਰੀਨਾ ਨੂੰ ਝਰੀਟ ਤੱਕ ਨਹੀਂ ਆਈ



ਇਹ ਜਦੋਂ ਭਾਰਤ ਆਈ ਤਾਂ ਇਸ ਨੇ ਮੈਨੂੰ ਕਿਹਾ ਕਿ 'ਮਨਦੀਪ ਮੇਰੀਆਂ ਚੀਜ਼ਾਂ ਨਹੀਂ ਦਿੰਦਾ. ਮੈਂ ਪ੍ਰੈੱਸ ਕਾਨਫਰੰਸ ਕਰਨੀ ਹੈ।' ਜਿਸ ਲਈ ਮੈਂ ਇਸ ਨੂੰ ਮਨ੍ਹਾਂ ਕੀਤਾ।""ਫਿਰ ਵੀ ਮੈਂ ਕਿਹਾ, ਜੇ ਤੂੰ ਆਪਣੀ ਗੱਲ ਕਰਨੀ ਹੈ ਤਾਂ ਕਰਨ ਪਰ ਕਿਸੇ ਦੇ ਖ਼ਿਲਾਫ਼ ਨਾ ਬੋਲੀ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE IMMIGRATION & SETTLEMENT LTD.

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸ੍ਰੀ ਕਰਤਾਰਪੁਰ ਸਾਹਿਬ ਦੀ ਸੁਨਹਿਰੀ ਪਾਲਕੀ ਗਾਇਬ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲੇ ਸਪੱਸ਼ਟ ਕਰਨ

ਅੰਮ੍ਰਿਤਸਰ:- ਕਰਤਾਰਪੁਰ ਸਾਹਿਬ ਲਾਂਘੇ ਦੇ ਮੋਢੀ ਪ੍ਰਚਾਰਕ ਭਬੀਸ਼ਨ ਸਿੰਘ ਗੁਰਾਇਆ ਨੇ ਈਮੇਲ ਭੇਜ ਕੇ ਇਲਜਾਮ ਲਾਇਆ ਹੈ ਕਿ ਇਤਹਾਸਿਕ ਗੁਰਦੁਆਰਾ ਡੇਰਾ ਬਾਬਾ ਨਾਨਕ ਵਿਖੇ ਜਿਹੜੀ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਾਈ ਹੋਈ ਸੁਨਹਿਰੀ ਪਾਲਕੀ ਸੀ ਉਹ ਅਲੋਪ ਹੈ।2018 'ਚ ਜਦੋਂ ਕਰਤਾਰਪੁਰ ਸਾਹਿਬ ਲਾਂਘਾ ਖੁੱਲਣ ਦੇ ਆਸਾਰ ਬਣੇ ਤਾਂ ਡੇਰਾ ਬਾਬਾ ਨਾਨਕ ਗੁਰਦੁਆਰਾ ਦੀ ਚੰਗੀ ਭਲੀ ਇਮਾਰਤ ਦੀ ਕਾਰਸੇਵਾ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੂੰ ਸੌਂਪ ਦਿੱਤੀ ਗਈ।ਓਦੋਂ ਸੰਗਤਾਂ ਨੇ ਕਾਰ ਸੇਵਾ ਦੀ ਵਿਰੋਧਤਾ ਵੀ ਕੀਤੀ ਸੀ।23 ਫਰਵਰੀ 2021 ਨੂੰ ਨਵੀ ਬਣੀ ਇਮਾਰਤ ਵਿਚ ਪ੍ਰਕਾਸ਼ ਕਰ ਦਿੱਤਾ ਗਿਆ ਪਰ ਮਹਾਰਾਜੇ ਵਾਲੀ ਸੁਨਿਹਰੀ ਇਤਹਾਸਿਕ ਪਾਲਕੀ ਗੁਰਦੁਆਰਾ ਸਾਹਿਬ ਵਿਚ ਗਾਇਬ ਸੀ ਤਾਂ ਕਾਰ ਸੇਵਾ ਬਾਬੇ ਨੇ ਕਿਹਾ ਸੀ ਕਿ ਜਲਦੀ ਹੀ ਸੁਨਿਹਰੀ ਪਾਲਕੀ ਵੀ ਸ਼ੱਸ਼ੋਭਿਤ ਕਰ ਦਿੱਤੀ ਜਾਵੇਗੀ।ਪਰ ਅੱਜ ਤਕ ਪਾਲਕੀ ਅਲੋਪ ਹੈ। ਯਾਦ ਰਹੇ ਜਦੋਂ ਕਾਰ ਸੇਵਾ ਚਲ ਰਹੀ ਸੀ ਤਾਂ ਇਮਾਰਤ ਤਿਆਰ ਹੋਣ ਤਕ ਪਾਲਕੀ ਨੂੰ ਲੋਹੇ ਦੀਆਂ ਚਾਦਰਾਂ ਪਾ ਕੇ ਢੱਕ ਕੇ ਰੱਖਿਆ ਗਿਆ ਸੀ।ਫਿਰ ਅਚਾਨਕ ਚੁੱਪ ਚੁੱਪੀਤੇ ਪਾਲਕੀ ਨੂੰ ਓਥੋਂ ਹਟਾ ਦਿਤਾ ਗਿਆ।ਅੱਜ ਕਲ ਡੇਰਾ ਬਾਬਾ ਨਾਨਕ ਵਿਖੇ ਇਤਹਾਸਿਕ ਚੋਲਾ ਸਾਹਿਬ ਦਾ ਮੇਲਾ ਚਲ ਰਿਹਾ ਹੈ।ਗੁਰਾਇਆ ਦਾ ਕਹਿਣਾ ਹੈ ਕਿ ਸੰਗਤਾਂ ਨੂੰ ਚਿੰਤਾ ਹੈ ਕਿ ਕਿਤੇ ਸੁਨਿਹਰੀ ਪਾਲਕੀ ਦਾ ਵੀ ਉਹੋ ਹਸ਼ਰ ਨਾ ਹੋ ਜਾਵੇ ਜੋ ਸ਼੍ਰੋਮਣੀ ਕਮੇਟੀ ਨੇ ਸੈਂਕੜੇ ਇਤਹਾਸਿਕ ਹੱਥ ਲਿਖਤ ਦਸਤਾਵੇਜਾਂ ਦਾ ਕੀਤਾ ਹੈ। ਕਾਰ ਸੇਵਾ ਬਾਬਾ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਇਹ ਸਪੱਸ਼ਟ ਕਰੇ ਕਿ ਪਾਲਕੀ ਕਿਥੇ ਹੈ ਤੇ ਕਿਓ ਹਟਾਈ ਗਈ ਹੈ?ਇਸ ਪਾਲਕੀ ਤੇ ਲਿਖਤ ਸੀ ॥ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚ॥ ਸੰਮਤ 1884 ਟਹਿਲ ਮਹਾਰਾਜਾ ਰਣਜੀਤ ਸਿੰਘ ਸਿੱਖ ਗੁਰੂ ਨਾਨਕ ਜੀ ਕਾ।



# ਕਿਉਂ ਉੱਡੀ ਕੈਨੇਡਾ ਵਾਸੀਆਂ ਦੀ ਨੀਂਦ?

ਹਾਲ ਹੀ ਵਿੱਚ ਕਰਵਾਏ ਇਕ ਸਰਵੇਖਣ ਵਿੱਚ 48% ਤੋਂ ਵੱਧ ਕੈਨੇਡਾ ਵਾਸੀਆਂ ਨੇ ਇਹ ਇੰਕਸ਼ਾਫ ਕੀਤਾ ਹੈ ਕਿ ਮੌਜੂਦਾ ਆਰਥਿਕ ਹਾਲਾਤਾਂ ਨੇ ਉਹਨਾਂ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ।ਇਕ ਮੋਟੇ ਅੰਦਾਜ਼ੇ ਮੁਤਾਬਿਕ ਕੈਨੇਡਾ ਵਾਸੀਆਂ ਤੇ ਚੜ੍ਹਿਆ 2.73 ਖਰਬ ਡਾਲਰ ਨੂੰ ਪਾਰ ਕਰ ਗਿਆ ਹੈ।ਘਰਾਂ ਦੀਆਂ ਮੋਰਟਗੇਜ ਇਸ ਵਿੱਚ ਸ਼ਾਮਿਲ ਨਹੀਂ ਹਨ ਜਿਹੜੀਆਂ 1.7 ਖਰਬ ਡਾਲਰ ਤੋਂ ਜਿਆਦਾ ਦੀਆਂ ਹਨ। ਇਸ ਸਰਵੇਖਣ ਦੇ ਪੜਚੋਲ ਕੀਤੇ ਨਤੀਜਿਆਂ ਮੁਤਾਬਿਕ ਮੌਜੂਦਾ ਆਰਥਿਕ ਸਥਿਤੀਆਂ ਨੇ ਸਭ ਤੋਂ ਵੱਧ ਉਹਨਾਂ ਲੋਕਾਂ ਨੂੰ ਝੰਬਿਆ ਹੈ ਜਿਲ੍ਹਾਂ ਦੀ ਸਾਲਾਨਾ ਆਮਦਨ 40000 ਡਾਲਰ ਤੋਂ ਘੱਟ ਹੈ ਜਦਕਿ 100,000 ਜਾਂ ਇਸ ਤੋਂ ਜਿਆਦਾ ਆਮਦਨ ਵਾਲੇ ਕਨੇਡੀਅਨ ਨੂੰ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਅਜੇ ਨਹੀਂ ਕਰਨਾ ਪੈ ਰਿਹਾ ਕਿਉਂਕਿ ਵੱਧ ਆਮਦਨੀ ਦੇ ਹੁੰਦਿਆਂ ਉਹ ਅਜੇ ਬਿਹਤਰ ਆਰਥਿਕ ਸਥਿਤੀ ਵਿੱਚ ਹਨ। ਕਰੈਡਿਟ ਕਾਰਡ ਦੇ ਚੜ੍ਹੇ ਕਰਜੇ ਦੀ ਗੱਲ ਕਰੀਏ ਤਾਂ ਇਹ ਕਰਜ਼ਾ ਪ੍ਰਤਿ ਕਨੇਡੀਅਨ ਤੇ 2447 ਡਾਲਰ ਦੇ ਕਰੀਬ ਹੈ ਜਿਹੜਾ ਕਿ 2021 ਦੇ ਮੁਕਾਬਲੇ 17.83% ਵੱਧ ਗਿਆ ਹੈ।ਇਸ ਸਰਵੇਖਣ ਦੀਆਂ ਰਿਪੋਰਟਾਂ ਮੁਤਾਬਿਕ ਖਾਣ ਪੀਣ ਵਾਲੀਆਂ ਵਸਤੂਆਂ ਅਤੇ ਪੈਟਰੋਲ ਤੇ ਕੈਨੇਡੀਅਨ ਦੀ ਜੇਬ ਜਿਆਦਾ ਢਿੱਲੀ ਹੋ ਰਹੀ ਹੈ ਅਤੇ ਉਹਨਾਂ ਦੀ ਕਰੈਡਿਟ ਕਾਰਡ ਤੇ ਨਿਰਭਰਤਾ ਵੱਧ ਗਈ ਹੈ।ਜੇਕਰ ਕਨੇਡਾ ਦੇ ਵੱਖ ਵੱਖ ਸੂਬਿਆਂ ਦੀ ਗੱਲ ਕਰੀਏ ਤਾਂ ਕਿਊਬਿਕ ਵਿੱਚ ਸਭ ਤੋਂ ਘੱਟ 22% ਲੋਕਾਂ ਨੇ ਮਾੜੇ ਆਰਥਿਕ ਹਾਲਾਤਾਂ ਵਿਚ ਘਿਰਨ ਦੀ ਗੱਲ ਕਹੀ ਹੈ ਜਦਕਿ ਇਸਦੇ ਮੁਕਾਬਲੇ 43% ਤੋਂ ਵੱਧ ਬੀਸੀ ਵਾਸੀ ਅਰਥਿਕ ਮੰਦਹਾਲੀ ਵਿਚ ਚਲੇ ਗਏ ਹਨ। ਆਰਥਿਕ ਮਾਹਿਰਾਂ ਅਤੇ ਵਿਸ਼ਲੇਸ਼ਕਾਂ ਦੀ ਗੱਲ ਕਰੀਏ ਤਾਂ ਅਜਿਹੀਆਂ ਆਰਥਿਕ ਪ੍ਰੇਸ਼ਾਨੀਆਂ ਲਈ ਚਾਹੇ ਕੈਨੇਡਾ ਵਾਸੀ ਮੁੱਖ ਤੌਰ ਤੇ ਆਪ ਜਿੰਮੇਵਾਰ ਹਨ ਪਰ ਕਿਸੇ ਹੱਦ ਤੱਕ ਬੈਂਕ ਆਫ ਕੈਨੇਡਾ ਵੱਲੋਂ ਬੀਤੇ ਸਮੇਂ ਵਿਚ ਕੀਤੀਆਂ ਗਲਤ ਬਿਆਨੀਆਂ ਨੇ ਵੀ ਉਹਨਾਂ ਨੂੰ ਮੁਸ਼ਕਿਲ ਆਰਥਿਕ ਹਾਲਾਤਾਂ ਵੱਲ ਧਕੇਲ ਦਿੱਤਾ ਹੈ।ਕਰੋਨਾ ਮਹਾਂਮਾਰੀ ਦੇ ਚਲਦਿਆਂ ਬੈਂਕ ਦੇ ਮੌਜੂਦਾ ਗਵਰਨਰ ਟਿਫ ਮਕਲੈਮ ਨੇ ਅਕਤੂਬਰ 2020 ਵਿੱਚ ਇਕ ਪ੍ਰੈਸ ਕਾਨਫਰੰਸ ਵਿੱਚ ਇਹ ਕੀਤੀ ਇਹ ਭਵਿੱਖਬਾਣੀ ਕੀਤੀ ਸੀ ਕਿ ਵਿਆਜ ਦਰਾਂ 2023 ਤੱਕ ਨਹੀ ਵਧਣਗੀਆਂ ਅਤੇ ਮਹਿੰਗਾਈ ਵਿੱਚ ਵੀ ਵਾਧਾ ਹੋਣ ਵਾਲਾ ਨਹੀਂ।ਅਜਿਹੀ ਭਵਿੱਖਬਾਣੀ ਦੇ ਚਲਦਿਆਂ ਬਹੁਤੇ ਨਿਵੇਸ਼ਕਾਂ ਨੇ ਘਰਾਂ ਦੀ ਖਰੀਦਦਾਰੀ ਵੱਲ ਰੁਖ ਕਰ ਲਿਆ ਸੀ ਘਰਾਂ ਦੇ ਰੇਟ ਲਗਾਤਾਰ ਵੱਧਦੇ ਗਏ।ਜਿਸਦਾ ਨਤੀਜਾ ਇਹ ਹੋਇਆ ਕਿ ਫਰਵਰੀ 2022 ਦੇ ਮਹੀਨੇ ਵਿੱਚ ਘਰਾਂ ਦੀ ਔਸਤਨ ਕੀਮਤ 816000 ਡਾਲਰ ਨੂੰ ਵੱਧ ਪਾਰ ਕਰ ਗਈ ਸੀ ਜਿਹੜਾ ਕਿ ਇਕ ਨਵਾਂ ਰਿਕਾਰਡ ਸੀ। ਮਾਰਚ 2022 ਜਦੋਂ ਬੈਂਕ ਆਫ ਕਨੇਡਾ ਤੇ ਚਾਰੇ ਪਾਸਿਓ ਇਹ ਦਬਾਅ ਵੱਧਣ ਲੱਗਾ ਕਿ ਮਹਿੰਗਾਈ ਦੀ ਦਰ ਲਗਾਤਾਰ ਵੱਧ ਰਹੀ ਹੈ ਤੇ ਇਸਨੇ ਲੋਕਾਂ ਦੀਆਂ ਜੇਬਾਂ ਖਾਲੀ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਤਾਂ ਬੈਂਕ ਆਫ ਕੈਨੇਡਾ ਨੇ ਵਿਆਜ ਦਰਾਂ ਵਿੱਚ ਵਾਧਾ ਕਰਨਾ ਸ਼ੁਰੂ ਕਰ ਦਿੱਤਾ। ਕੁੱਝ ਆਰਥਿਕ ਮਾਹਿਰਾਂ ਦਾ ਇਹ ਕਹਿਣਾ ਕਿ ਵਿਆਜ ਦਰਾਂ ਵਿੱਚ ਕੀਤਾ ਇਹ ਵਾਧਾ ਬਹੁਤ ਦੇਰ ਨਾਲ ਚੁੱਕਿਆ ਕਦਮ ਸੀ ਕਿਉਂਕਿ ਮਹਿੰਗਾਈ ਦਰ ਨੇ ਕਨੇਡਾ ਦੇ 40 ਸਾਲਾਂ ਦੇ ਰਿਕਾਰਡ ਤੋਂ ਦਿੱਤੇ ਸਨ।ਮਾਰਚ ਤੋਂ ਵਿਆਜ ਦਰਾਂ ਵਿੱਚ ਸ਼ੁਰੂ ਹੋਇਆ ਇਹ ਵਾਧਾ ਲਗਾਤਾਰ ਜਾਰੀ ਹੈ ਅਤੇ ਹਾਲ ਹੀ ਵਿੱਚ 25 ਜਨਵਰੀ ਨੂੰ ਅਠਵੀਂ ਵਾਰ ਵਿਆਜ ਦਰਾਂ ਵਧਾਈਆਂ ਗਈਆਂ ਹਨ।ਕੈਨੇਡਾ ਦੇ ਇਤਿਹਾਸ ਵਿੱਚ ਪਹਿਲਾਂ ਕਦੀ ਵੀ ਇਹਨੇ ਥੋੜੇ ਸਮੇਂ ਵਿੱਚ ਐਨਾ ਜਿਆਦਾ ਵਾਧਾ ਨਹੀਂ ਸੀ ਕੀਤਾ ਗਿਆ। ਵਿਆਜ ਦਰਾਂ ਵਿੱਚ ਹੋਏ ਇਸ ਰਿਕਾਰਡ ਵਾਧੇ ਨੇ ਕਨੇਡਾ ਵਾਸੀਆਂ ਖਾਸ ਕਰਕੇ ਉਹ ਲੋਕ ਜਿੰਨਾਂ ਨੇ ਮੋਟਰੇਜ ਲਈਆਂ ਹਨ ਉਹਨਾਂ ਦੀਆਂ ਕਿਸ਼ਤਾਂ ਵਿੱਚ ਇਕ ਸਾਲ ਵਿਚ 18% ਤੋਂ ਵੱਧ ਦਾ ਵਾਧਾ ਹੋ ਗਿਆ ਹੈ।ਆਮ ਕਨੇਡੀਅਨ ਦੀ ਆਮਦਨ ਦਾ ਹੁਣ 60% ਤੋਂ ਵੱਧ ਹਿੱਸਾ ਘਰਾਂ ਦੀਆਂ ਮੋਟਰਗੇਜ,ਵਿਆਜ ਤੇ ਬਿਜਲੀ ਦਰਾਂ ਦੀ ਅਦਾਇਗੀ ਤੇ ਖਰਚ ਹੋ ਰਿਹਾ ਹੈ ਜਿਸਦਾ ਨਤੀਜਾ ਇਹ ਨਿਕਲਿਆ ਹੈ ਕਿ ਬਹੁਤੇ ਕਨੇਡੀਅਨ ਵਾਸੀਆਂ ਨੇ ਰੈਸਟੋਰੈਂਟਾਂ, ਸੈਰਗਾਹਾਂ ਤੇ ਜਹਾਜੀ ਸਫਰ ਤੇ ਕਟੌਤੀ ਲਾ ਦਿੱਤੀ ਹੈ।ਉਹਨਾਂ ਦੇ ਮਨਾਂ ਵਿੱਚ ਇਹ ਡਰ ਪੈਦਾ ਹੋ ਗਿਆ ਹੈ ਕਿ ਆਉਣ ਵਾਲਾ ਸਮਾਂ ਆਰਥਿਕ ਤੌਰ ਤੇ ਚੰਗਾ ਨਹੀਂ ਤੇ ਮਹਿੰਗਾਈ ਇਸ ਸਾਲ ਦੇ ਅੰਤ ਤੱਕ ਵੀ ਕਾਬੂ ਵਿਚ ਆਉਣ ਵਾਲੀ ਨਹੀਂਇਕ ਹੋਰ ਸਰਵੇਖਣ ਦੀ ਰਿਪੋਰਟ ਵੇਖੀਏ ਤਾਂ ਘੱਟ ਰਹੀਆਂ ਖਰੀਦਾਰੀਆਂ ਨੇ ਕਾਫੀ ਕਾਰੋਬਾਰੀਆਂ ਦੇ ਮੱਥੇ ਤੇ ਵੀ ਚਿੰਤਾ ਦੀਆਂ ਲਕੀਰਾਂ ਲਿਆ ਦਿੱਤੀਆਂ ਹਨ।ਉਹਨਾਂ ਨੂੰ ਇਹ ਖਦਸ਼ਾ ਸਤਾ ਰਿਹਾ ਹੈ ਕਿ ਕਨੇਡੀਅਨ ਆਰਥਿਕਤਾ ਕੁਝ ਸਮੇਂ ਲਈ ਮੰਦੀ ਦੇ ਦੌਰ ਵਿਚ ਚਲੀ ਜਾਵੇਗੀ।ਜੇਕਰ ਇਹ ਮੰਦੀ ਦਾ ਦੌਰ ਲੰਬਾ ਸਮਾਂ ਰਹਿ ਗਿਆ ਤੇ ਕਨੇਡੀਅਨ ਆਰਥਿਕਤਾ ਨੂੰ 3 ਲੱਖ ਤਾਂ ਵੀ ਵੱਧ ਨੌਕਰੀਆਂ ਤੋਂ ਹੱਥ ਧੋਣੇ ਪੈ ਸਕਦੇ ਹਨ।ਜੇਕਰ ਅਜਿਹੀ ਸਥਿਤੀ ਬਣਦੀ ਹੈ ਤਾਂ ਕਨੇਡਾ ਦੀ ਬੇਰੋਜ਼ਗਾਰੀ ਦਰ 9% ਨੂੰ ਪਾਰ ਕਰ ਜਾਵੇਗੀ ਜਿਹੜੀ ਇਸ ਵੇਲੇ 50 ਸਾਲਾ ਦੇ ਸ਼ੱਭ ਤੋ ਘੱਟ 5 ਪ੍ਰਤੀਸ਼ਤ ਤੇ ਰਿਕਾਰਡ ਕੀਤੀ ਗਈ ਹੈ।ਇਹਨਾਂ ਪੇਸ਼ਗਨੋਈਆਂ ਦੇ ਚਲਦਿਆਂ 2023 ਦਾ ਵਰਾਂ ਕੈਨੇਡੀਅਨ ਆਰਥਿਕਤਾ ਲਈ ਕਈ ਨਵੇਂ ਸੰਕਟ ਪੈਦਾ ਕਰ ਸਕਦਾ ਹੈ।--ਜਤਿੰਦਰ ਚੀਮਾ 403-629-3577


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration

New Location:
346 8140 128th St
(Payal Bus. Centre)
Surrey BC
Ph: 778-565-5000
Flagship Location:
6612 Main St.
Vancouver BC
Ph: 604-327-8711
BhartiJewellers.com



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਬਾਦਲ ਪਰਿਵਾਰ ਫ਼ਖ਼ਰ-ਏ-ਕੌਮ ਨਹੀਂ, ਗ਼ਦਾਰ-ਏ-ਕੌਮ ਹੈ:ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

# ਅਕਾਲ ਤਖ਼ਤ ਸਾਹਿਬ ਤੁਰੰਤ ਬਾਦਲਾਂ ਤੋਂ ਖ਼ਿਤਾਬ ਵਾਪਸ ਲਵੇ:ਫ਼ੈਡਰੇਸ਼ਨ ਭਿੰਡਰਾਂਵਾਲਾ

ਅੰਮ੍ਰਿਤਸਰ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਚਾਪਲੂਸ ਅਤੇ ਲਾਲਚੀ ਜਥੇਦਾਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਫ਼ਖ਼ਰ-ਏ-ਕੌਮ ਦਾ ਖ਼ਿਤਾਬ ਵਾਪਸ ਲੈਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਤੇ ਸਮੁੱਚਾ ਬਾਦਲ ਦਲ ਫ਼ਖ਼ਰ-ਏ-ਕੌਮ ਨਹੀਂ ਬਲਕਿ ਗ਼ਦਾਰ-ਏ-ਕੌਮ ਹੈ। ਉਹਨਾਂ ਕਿਹਾ ਕਿ ਬੰਦੀ ਸਿੰਘ ਰਿਹਾਅ ਕਰਵਾਉਣ ਲਈ ਫਾਰਮ ਉੱਤੇ ਦਸਤਖ਼ਤ ਕਰਦੇ ਬਾਦਲ ਪਿਓ-ਪੁੱਤ ਦੀ ਫ਼ੋਟੋ ਵੇਖ ਕੇ ਦੁਨੀਆਂ ਭਰ ਦੇ ਗਰਕੇ ਤੋਂ ਗਰਕੇ ਬੰਦੇ ਨੂੰ ਵੀ ਸ਼ਰਮ ਆ ਰਹੀ ਹੋਣੀ ਹੈ ਕਿ ਨੀਚ ਤਾਂ ਅਸੀਂ ਵੀ ਸਿਰੇ ਦਾ ਹਾਂ ਪਰ ਬਾਦਲਾਂ ਵਾਂਗ ਐਨਾ ਦੋਗਲਾ ਕੰਮ ਕਦੇ ਨਹੀਂ ਕੀਤਾ ਕਿ ਬੰਦੀ ਸਿੰਘਾਂ ਦੇ ਦੁਸ਼ਮਣ ਬੁੱਚੜ ਪੁਲਸੀਆਂ ਦਾ ਵੀ ਡਟ ਕੇ ਸਾਥ ਦੇਣਾ, ਬੰਦੀ ਸਿੰਘਾਂ ਦੀ ਰਿਹਾਈ ਦੀ ਹਰ ਕੋਸ਼ਿਸ਼ ਦਾ ਠੋਕਵਾਂ ਵਿਰੋਧ ਕਰਨਾ ਤੇ ਫੇਰ ਰਿਹਾਈ ਲਈ ਦਸਤਖਤ ਵੀ ਕਰੀ ਜਾਣੇ। ਇਹੀ ਕਿਹਾ ਜਾ ਸਕਦਾ ਹੈ ਕਿ ਬਾਦਲ ਪਰਿਵਾਰ ਦੇ ਦੋਗਲੇਪਣ ਤੋਂ ਗਿਰਗਿਟ ਨੂੰ ਵੀ ਸ਼ਰਮ ਆ ਜਾਵੇਗੀ। ਜਦ ਇਹਨਾਂ ਦਸਤਖਤਾਂ ਦੀ ਕੀਮਤ ਸੀ ਓਦੋਂ ਕਹਿੰਦੇ ਰਹੇ ਕਿ ਅਸੀਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੁਝ ਨਹੀਂ ਕਰ ਸਕਦੇ ਤੇ ਹਵਾਰੇ ਵਰਗੇ ਕਾਤਲ ਨੇ ਤੇ ਪ੍ਰੋਫੈਸਰ ਭੁੱਲਰ ਦੇ ਪੰਜਾਬ ਜੇਲ੍ਹ ਤਬਦੀਲੀ ਨਾਲ਼ ਮਹੌਲ ਖਰਾਬ ਹੋ ਜਾਊ। ਓਦੋਂ ਬਾਦਲ ਸੈਨਾ ਪੂਰਾ ਜ਼ੋਰ ਲਾ ਕੇ ਸਮਝਾ ਰਹੀ ਸੀ ਕਿ ਰਿਹਾਈ ਦੀ ਗੱਲ ਕਰਨਾ ਹੀ ਗ਼ਲਤ ਹੈ। ਓਦੋਂ ਜੇਲ੍ਹ ਵਿੱਚ ਨਜ਼ਰਬੰਦ ਸਿੰਘਾਂ ਦੀ ਰਿਹਾਈ ਦੀ ਹਮਾਇਤ ਤੇ ਵਕਾਲਤ ਕਰਨ ਵਾਲਿਆਂ ਸਿੰਘਾਂ ਦਾ ਬਾਦਲਾਂ ਨੇ ਜਿਊਣਾ ਦੁੱਭਰ ਕਰੀ ਰੱਖਿਆ। ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬਾਦਲਾਂ ਨੇ ਓਦੋਂ ਭਾਈ ਗੁਰਬਖਸ਼ ਸਿੰਘ ਨੂੰ ਮੱਕੜਜਾਲ ਵਿੱਚ ਫਸਾ ਲਿਆ ਤੇ ਅਖ਼ੀਰ ਗੁਰਬਖ਼ਸ਼ ਸਿੰਘ ਜਾਨ ਕੁਰਬਾਨ ਕਰ ਗਿਆ।

ਬਾਪੂ ਸੂਰਤ ਸਿੰਘ ਦੇ ਘਰ ਪੁਲੀਸ ਦੀਆਂ ਧਾੜਾਂ, ਹਸਪਤਾਲ ਵਿੱਚ ਨਜ਼ਰਬੰਦੀ ਬਾਦਲਾਂ ਨੇ ਕੀਤੀ। ਜਦ ਬਰਗਾੜੀ ਮੋਰਚਾ ਸੀ ਤਾਂ ਓਥੇ ਸਿੰਘਾਂ ਨਾਲ ਟਕਰਾਅ, ਮੁਕਾਬਲੇ ਉੱਤੇ ਰੈਲੀ ਬਾਦਲਾਂ ਨੇ ਕੀਤੀ। ਪੂਰਾ ਜ਼ੋਰ ਲਾ ਕੇ ਪੰਥਕ ਜਜ਼ਬਾਤਾਂ ਦਾ ਵਿਰੋਧ ਕੀਤਾ। ਪੰਥ ਦਾ ਮੇਹਣਾ ਖੱਟਿਆ ਤੇ ਹੁਣ ਸੋਚਦੇ ਹਨ ਕਿ ਕਾਗ਼ਜ਼ਾਂ ਤੇ ਦਸਤਖਤ ਕਰ ਕੇ ਫ਼ੋਟੋਆਂ ਪੋਸਟ ਕਰਨ ਦੀ ਦੇਰ ਹੈ ਕਿ ਸਿੱਖ ਕੌਮ ਨੇ ਸਾਡੇ ਦੀਵਾਨੇ ਹੋ ਜਾਣਾ ਕਿ ਕਿੱਡੀ ਵੱਡੀ ਕੁਰਬਾਨੀ ਹੈ। ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਕਈ ਵਿਚਾਰੇ ਅਜੇ ਵੀ ਬਾਦਲ ਦਲ ਨੂੰ ਸ਼੍ਰੋਮਣੀ ਅਕਾਲੀ ਦਲ ਸਮਝੀ ਬੈਠੇ ਨੇ ਤੇ ਬਾਦਲ ਸੈਨਾ ਨੂੰ ਪੰਥ ਲਈ ਸਭ ਕੁਝ ਕੁਰਬਾਨ ਕਰਨ ਵਾਲ਼ੇ ਅਕਾਲੀ ਮੰਨੀ ਫਿਰਦੇ ਨੇ, ਵਿਚਾਰਿਆਂ ਦੀਆਂ ਅੱਖਾਂ ਹੀ ਨਹੀਂ ਖੁੱਲ੍ਹੀਆਂ। ਵਾਹਿਗੁਰੂ ਇਹਨਾਂ ਨੂੰ ਸੁਮੱਤ ਬਖਸ਼ਣ ਤੇ ਅਕਲ ਆਵੇ ਕਿ ਇਹ ਪੁਰਾਤਨ ਅਕਾਲੀ ਨਹੀਂ, ਇਹ ਤਾਂ ਉਹੋ ਜਿਹੇ ਹੀ ਨੇ ਜਿਹੋ ਜਿਹੇ ਕਾਂਗਰਸ, ਭਾਜਪਾ, ਕਾਮਰੇਡ, ਆਮ ਆਦਮੀ ਪਾਰਟੀ ਤੇ ਹੋਰ ਸਿਆਸੀ ਦਲਾਂ ਵਾਲ਼ੇ ਨੇ। ਇਹ ਸਿਆਸਤ ਕਰਦੇ ਨੇ। ਇਹ ਪੰਥ ਤੇ ਪੰਜਾਬ ਦੇ ਰਾਖੇ ਨਹੀਂ। ਇਹ ਭਾਰਤੀ ਹਕੂਮਤੀ ਨਿਜ਼ਾਮ ਦੇ ਪੁਰਜੇ ਨੇ। ਉਹਨਾਂ ਕਿਹਾ ਕਿ ਬਾਦਲਾਂ ਦੇ ਰਾਜ ਵਿੱਚ ਸਾਡੇ ਇਸ਼ਟ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸੜਕਾਂ 'ਤੇ ਰੁਲੇ, ਬੇਅਦਬੀ ਕਰਨ ਵਾਲੇ ਦੁਸ਼ਟਾਂ ਨੂੰ ਬਾਦਲਾਂ ਨੇ ਬਚਾਇਆ, ਬਲਾਤਕਾਰੀ ਸਿਰਸੇ ਵਾਲੇ ਨਾਲ ਯਾਰੀ ਨਿਭਾਈ, ਸਿੰਘਾਂ ਨੂੰ ਸ਼ਹੀਦ ਕੀਤਾ।



ਬਾਦਲਕੇ ਪੰਥ ਦੇ ਗ਼ੱਦਾਰ ਅਤੇ ਪੰਥ ਦੋਖੀਆਂ ਦੇ ਯਾਰ ਹਨ। ਇਹਨਾਂ ਤੋਂ ਪੰਥ ਰਤਨ ਤੇ ਫ਼ਖਰ-ਏ-ਕੌਮ ਅਵਾਰਡ ਵਾਪਸ ਲਿਆ ਜਾਵੇ ਅਤੇ ਗੁਰਧਾਮਾਂ ਨੂੰ ਬਾਦਲਾਂ ਤੋਂ ਆਜ਼ਾਦ ਕਰਵਾਇਆ ਜਾਵੇ।

## (ਮੁੱਖ ਪੰਨੇ ਦੀ ਬਾਕੀ)

ਮੌਕੇ 'ਤੇ ਰੀਅਲ ਅਸਟੇਟ ਅਤੇ ਮੀਡੀਆ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਲਗਾਤਾਰ 9ਵੀਂ ਵਾਰ 'ਬਿਹਤਰੀਨ ਰਐਲਟਰ' ਵਜੋਂ ਇਨਾਮ ਹਾਸਿਲ ਕੀਤਾ। ਉਨ੍ਹਾਂ ਨੰਬਰ ਇੱਕ ਅਵਾਰਡ 'ਟੌਪ ਸੇਲਸ ਯੂਨਿਟ' ਖੇਤਰ ਵਿੱਚ ਹਾਸਲ ਕੀਤਾ, ਜਦਕਿ 'ਟੌਪ ਲਿਸਟਿੰਗਜ਼ ਐਵਾਰਡ' ਲਈ ਵੀ ਉਹ ਜੇਤੂ ਰਹੇ। ਡਾ ਧਾਲੀਵਾਲ ਨੂੰ 'ਪਲੈਨੇਟ ਡਾਇਮੰਡ ਐਵਾਰਡ' ਦੇ ਕੇ ਸਨਮਾਨਤ ਕੀਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਫਰੇਜ਼ਰ ਵੈਲੀ ਰੀਅਲ ਅਸਟੇਟ ਬੋਰਡ ਦੇ ਚਾਰ ਹਜ਼ਾਰ ਤੋਂ ਵੱਧ ਮੈਂਬਰਾਂ ਵਿੱਚੋਂ ਡਾ. ਗੁਰਵਿੰਦਰ ਸਿੰਘ ਧਾਲੀਵਾਲ 2021 ਸਾਲ ਲਈ 'ਸੇਲਜ਼ ਅਤੇ ਡਾਲਰ ਵੋਲੀਅਮ' 'ਚ ਪਹਿਲੇ ਸਥਾਨ 'ਤੇ ਆਏ ਸਨ। ਪਲੈਨਿਟ ਗਰੁੱਪ ਰਐਲਟੀ ਦੀ ਸਮੁੱਚੀ ਮੈਨੇਜਮੈਂਟ ਦਾ ਧੰਨਵਾਦ ਕਰਦਿਆਂ ਡਾ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਸਮੂਹ ਭਾਈਚਾਰੇ ਦੇ ਲਗਾਤਾਰ 16ਵਰ੍ਹਿਆਂ ਤੋਂ ਮਿਲ ਰਹੇ ਸਹਿਯੋਗ ਸਦਕਾ ਬੇਮਿਸਾਲ ਸਫ਼ਲਤਾ ਲਈ ਧੰਨਵਾਦੀ ਹਨ। ਇਸ ਪ੍ਰਾਪਤੀ 'ਤੇ ਖੁਸ਼ੀ ਦੇ ਇਜ਼ਹਾਰ ਲਈ ਗੁਰਵਿੰਦਰ ਸਿੰਘ ਧਾਲੀਵਾਲ ਨਾਲ ਫੋਨ 604 825 1550 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਥੇ ਦੱਸਣਯੋਗ ਹੈ ਕਿ ਡਾ. ਗੁਰਵਿੰਦਰ ਸਿੰਘ ਪੰਜਾਬ ਗਾਰਡੀਅਨ ਅਖ਼ਬਾਰ ਦੇ ਪਾਠਕਾਂ ਨਾਲ ਆਪਣੀ ਲਿਖਤ ਰਾਹੀਂ ਵੀ ਅਕਸਰ ਸਾਂਝ ਪਾਉਂਦੇ ਰਹਿੰਦੇ ਹਨ।

## ਰਾਜਪਾਲਾਂ 'ਤੇ ਸੰਵਿਧਾਨਕ ਤਜਵੀਜ਼ਾਂ ਦੀ ਉਲੰਘਣਾ ਦੇ ਦੋਸ਼

ਦਿੱਲੀ:-ਤਾਮਿਲਨਾਡੂ, ਮਹਾਰਾਸ਼ਟਰ, ਪੱਛਮੀ ਬੰਗਾਲ, ਤਿਲੰਗਾਨਾ ਦੇ ਰਾਜਪਾਲਾਂ ਅਤੇ ਦਿੱਲੀ ਦੇ ਉਪ ਰਾਜਪਾਲ ਵੱਲ ਸੰਕੇਤ ਕਰਦਿਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਇਨ੍ਹਾਂ ਰਾਜਪਾਲਾਂ ਦੇ ਦਫ਼ਤਰ ਸੰਵਿਧਾਨ ਤਜਵੀਜ਼ਾਂ ਦੀ ਉਲੰਘਣਾ ਕਰ ਕੇ ਕੰਮ ਕਰ ਰਹੇ ਹਨ, ਤੇ ਵਾਰ-ਵਾਰ ਰਾਜ ਦੇ ਸ਼ਾਸਨ ਵਿਚ ਅੜਿੱਕਾ ਪਾ ਰਹੇ ਹਨ।

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application
Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਕੀ ਅਕਾਲ ਤਖਤ ਤੇ ਸ਼ੋ੍ਮਣੀ ਕਮੇਟੀ ਵਾਲਿਆਂ ਦੀ ਪੰਥ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ?

ਸ਼ੋ੍ਮਣੀ ਕਮੇਟੀ ਅਤੇ ਬਾਦਲ ਤੋਂ ਇਕ ਸਿੱਧਾ ਸਵਾਲ ਪੁੱਛੋ ਦੀ ਕੋਸ਼ਿਸ਼ ਕੀਤੀ ਕਿ ਜੇ ਸਿੱਖਾਂ ਨੇ ਤੁਹਾਡੇ ਵਿਹੜੇ ਵਿਚ, ਤੁਹਾਡੀ ਸਰਪ੍ਰਸਤੀ ਹੇਠ ਤੇ ਤੁਹਾਡੇ 'ਤੇ ਵਿਸ਼ਵਾਸ ਕਰ ਕੇ, ਨਵੇਂ ਯੁਗ ਦੀ ਲੋੜ ਪੂਰੀ ਕਰਨ ਵਾਲੀ ਪੰਥਕ ਪਾਰਟੀ ਸਾਜੀ ਸੀ ਤਾਂ ਕੀ ਤੁਹਾਡੀ ਜ਼ਿੰਮੇਵਾਰੀ ਨਹੀਂ ਸੀ ਬਣਦੀ ਕਿ ਤੁਸੀ ਪੰਥ ਦੀ ਅਮਾਨਤ ਸਮਝ ਕੇ ਉਸ ਨੂੰ ਪੰਥ ਦਾ ਸਰਮਾਇਆ ਹੀ ਬਣਿਆ ਰਹਿਣ ਦੇਂਦੇ? ਚਲੋ ਉਸ ਵੇਲੇ ਦੇ 'ਜਥੇਦਾਰਾਂ' ਨੇ ਪੰਥਕ ਜਥੇਬੰਦੀ ਨੂੰ ਅਗਵਾ ਹੁੰਦਿਆਂ ਵੇਖ ਕੇ ਵੀ ਚੁੱਪੀ ਧਾਰੀ ਰੱਖੀ ਤਾਂ ਕੀ ਤੁਹਾਡੀ ਜ਼ੁਬਾਨ ਨੂੰ ਵੀ ਸਦਾ ਲਈ ਤਾਲਾ ਲਗਾ ਗਏ ਸਨ?ਪੰਥ ਨੇ ਸੋਚ ਸਮਝ ਕੇ ਜਥੇਬੰਦੀ, ਸਿੱਖ ਰਾਜ ਦੀ ਰਾਜਧਾਨੀ, ਲਾਹੌਰ ਵਿਚ ਨਹੀਂ ਸੀ ਬਣਾਈ, ਪੰਥ ਦੀ ਧਾਰਮਕ ਰਾਜਧਾਨੀ ਅੰਮ੍ਰਿਤਸਰ ਵਿਚ ਬਣਾਈ ਸੀ ਤਾਕਿ ਇਹ ਸਦਾ ਲਈ ਪੰਥ ਦੀ ਸੇਵਾਦਾਰੀ ਕਰਦੀ ਰਹੇ ਤੇ ਕੋਈ ਇਸ ਨੂੰ ਪੰਥ ਤੋਂ ਖੋਹਣ ਦੀ ਹਿੰਮਤ ਨਾ ਕਰ ਸਕੇ। ਪੰਥ ਨੇ ਉਦੋਂ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਫ਼ੈਸਲਾ ਲਿਆ ਸੀ ਕਿ ਲਾਹੌਰ ਵਰਗੇ ਹੋਰ ਕਿਸੇ ਸ਼ਹਿਰ ਵਿਚ ਤਾਂ ਇਸ ਨੂੰ ਬੇਈਮਾਨ ਸਿਆਸਤਦਾਨਾਂ ਕੋਲੋਂ ਬਚਾਉਣ ਲਈ ਹੋਰ ਕੋਈ ਅੱਗੇ ਆਏ ਨਾ ਆਏ ਪਰ ਅੰਮ੍ਰਿਤਸਰ ਵਿਚ ਤਾਂ ਅਕਾਲ ਤਖ਼ਤ ਦਾ ਜਥੇਦਾਰ ਤੇ ਸ਼ੋ੍ਮਣੀ ਕਮੇਟੀ ਵਾਲੇ ਜਦ ਤਕ ਕਾਇਮ ਹਨ, ਉਹ ਪੰਥਕ ਜਥੇਬੰਦੀ ਨੂੰ ਉਧਾਲਣ ਵਾਲਿਆਂ ਨੂੰ ਨਹੀਂ ਛੱਡਣਗੇ। ਕੀ ਸਿੱਖਾਂ ਨੇ ਗ਼ਲਤ ਸੋਚਿਆ ਸੀ? ਕੀ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼ੋ੍ਮਣੀ ਕਮੇਟੀ ਵਾਲਿਆਂ ਉਤੇ ਗ਼ਲਤ ਭਰੋਸਾ ਕੀਤਾ ਗਿਆ ਸੀ?

ਮੈਨੂੰ ਯਾਦ ਹੈ, ਅਕਾਲ ਤਖ਼ਤ ਦਾ ਇਕ ਛੋਟਾ ਜਥੇਦਾਰ ਮੈਨੂੰ ਕਿਸੇ ਪ੍ਰਾਈਵੇਟ ਸਮਾਗਮ ਵਿਚ ਮਿਲਿਆ ਤਾਂ ਕਹਿਣ ਲੱਗਾ, ''ਜੋ ਤੁਸੀ ਲਿਖਦੇ ਹੋ, ਮੈਂ ਉਸ ਨਾਲ ਸੌ ਫ਼ੀ ਸਦੀ ਸਹਿਮਤ ਹਾਂ। ਤੁਸੀ ਪੂਰਾ ਸੱਚ ਬਿਆਨ ਕਰਦੇ ਹੋ। ਪਰ ਜੇ ਮੈਂ ਵੀ ਤੁਹਾਡੇ ਹੱਕ ਵਿਚ ਬੋਲ ਪਵਾਂ ਤਾਂ ਕਿੰਨੇ ਦਿਨ ਅਪਣੀ ਨੌਕਰੀ ਨੂੰ ਬਚਾ ਸਕਾਂਗਾ? ਹੋਰ ਕੌਣ ਮੈਨੂੰ ਨੌਕਰੀ ਦੇਵੇਗਾ? ਪ੍ਰਵਾਰ ਨੂੰ ਕਿਵੇਂ ਪਾਲਾਂਗਾ? ਇਹੀ ਸੋਚ ਕੇ ਚੁਪ ਹੋ ਕੇ ਰਹਿ ਜਾਂਦਾ ਹਾਂ।''

ਮੈਂ ਕਿਹਾ, ਜੇ ਤੁਹਾਨੂੰ ਰੱਬ ਤੇ ਦਿਲੋਂ ਮਨੋਂ ਯਕੀਨ ਹੈ ਤਾਂ ਦੋ ਵੱਡੇ ਸੱਚ ਬੋਲ ਕੇ ਆਪੇ ਬਾਹਰ ਆ ਜਾਉ, ਹੁਣ ਨਾਲੋਂ ਦੁਗਣੇ ਤਿਗਣੇ ਦੇਣ ਦਾ ਪ੍ਰਬੰਧ ਰੱਬ ਆਪੇ ਕਰ ਦੇਵੇਗਾ। ਜਦ ਬਾਬੇ ਨਾਨਕ ਨੇ ਭਾਈ ਮਰਦਾਨੇ ਨੂੰ ਕਿਹਾ, ''ਵੱਡੇ ਜ਼ਿਮੀਦਾਰਾਂ ਤੇ ਅਮੀਰਾਂ ਦੇ ਗੀਤ ਗਾ ਕੇ ਤੇਰੇ ਟੱਬਰ ਨੂੰ ਮਸਾਂ ਇਕ ਡੰਗ ਜਿੰਨੀ ਰੋਟੀ ਮਿਲਦੀ ਏ। ਮੇਰੀ ਮੰਨ ਤੇ ਮੇਰੇ ਨਾਲ ਰਲ ਕੇ ਕੇਵਲ ਇਕ ਰੱਬ ਦੀ ਸਿਫ਼ਤ ਸਲਾਹ ਕਰਿਆ ਕਰ, ਸਾਰੇ ਪ੍ਰਵਾਰ ਨੂੰ ਹੁਣ ਨਾਲੋਂ ਦੁਗਣੀ ਰੋਟੀ ਰੱਬ ਆਪ ਦੇਵੇਗਾ।'' ਭਾਈ ਮਰਦਾਨੇ ਨੇ ਬਾਬੇ ਨਾਨਕ ਦੀ ਮੰਨ ਲਈ। ਦੱਸੋ ਰੱਬ ਨੇ ਸਾਰੇ ਪ੍ਰਵਾਰ ਨੂੰ ਪਹਿਲਾਂ ਨਾਲੋਂ ਚੰਗੀ ਰੋਟੀ ਦਿਤੀ ਸੀ ਕਿ ਨਾ?

ਮੈਨੂੰ ਪਤਾ ਲੱਗਾ ਹੈ ਕਿ ਗਿ. ਹਰਪ੍ਰੀਤ ਸਿੰਘ ਨੂੰ ਕੱਢਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ ਕਿਉਂਕਿ ਐਕਟਿੰਗ ਜਥੇਦਾਰ ਨੇ ਹਰਿਆਣਾ ਕਮੇਟੀ ਤੇ ਅੰਮ੍ਰਿਤਪਾਲ ਸਿੰਘ ਸਬੰਧੀ 'ਸਿੱਧੇ ਸਾਫ਼' ਬਿਆਨ ਜਾਰੀ ਕਰਨ ਤੋਂ ਪੱਲਾ ਝਾੜ ਲਿਆ ਸੀ ਤੇ ਅੱਜ ਦੇ 'ਬਾਦਲ' ਦੇ ਚੌਧਰੀ ਤਾਂ ਇਹ ਬਰਦਾਸ਼ਤ ਨਹੀਂ ਨਾ ਕਰ ਸਕਦੇ ਕਿ ਜਥੇਦਾਰ ਲੋਕ 'ਜੀਅ ਹਜ਼ੂਰੀਆਂ' ਵਾਲੇ ਬਿਆਨ ਦੇਣ ਤੋਂ ਸੰਕੋਚ ਕਰਨ ਲੱਗ ਪੈਣ।

ਮੇਰੀ ਗਿ. ਹਰਪ੍ਰੀਤ ਸਿੰਘ ਨਾਲ ਜਾਂ ਪ੍ਰਧਾਨ ਸ਼ੋ੍ਮਣੀ ਕਮੇਟੀ ਨਾਲ ਕਦੇ ਗੱਲ ਨਹੀਂ ਹੋਈ। ਦੂਰੋਂ ਵੇਖਿਆਂ ਅੰਦਾਜ਼ਾ ਇਹੀ ਲਗਦਾ ਹੈ ਕਿ ਦੋਵੇਂ 'ਭਲੇ ਲੋਕ' ਜਹੇ ਬੰਦੇ ਹਨ। ਸੋ ਇਨ੍ਹਾਂ 'ਭਲੀਆਂ ਲੋਕ' ਗਨੇਰੀਆਂ ਨੂੰ ਚੂਪ ਕੇ ਛਿੱਲੜਾਂ ਵਾਂਗ ਸੁਟ ਤਾਂ ਉਨ੍ਹਾਂ ਨੇ ਉਂਜ ਹੀ ਦੇਣਾ ਹੈ, ਕਿਉਂ ਨਹੀਂ ਅਕਾਲੀ ਦਲ ਦੇ ਪੰਥਕ ਖ਼ਾਸੇ ਨੂੰ ਬਹਾਲ ਕਰ ਕੇ ਅੰਮ੍ਰਿਤਸਰ ਲਿਆਉਣ ਵਰਗੇ ਮਾਮਲਿਆਂ 'ਤੇ ਸੱਚ ਬੋਲ ਕੇ ਰੱਬ ਦੇ ਦਰਬਾਰ ਵਿਚ ਸੁਰਖ਼ਰੂ ਹੋ ਨਿਬੜਦੇ? ਨੌਕਰੀਆਂ ਤਾਂ ਯਕੀਨਨ ਖੁਸ ਜਾਣਗੀਆਂ ਪਰ ਉਪਰ ਵਾਲਾ ਸੱਚ ਦਾ ਰਾਹ ਚੁਣਨ ਵਾਲਿਆਂ ਨੂੰ ਰੱਬ ਜੋ ਦੇਂਦਾ ਹੈ ਉਹ ਬਿਆਨ ਨਹੀਂ ਕੀਤਾ ਜਾ ਸਕਦਾ।

ਇਸ ਲਈ ਮੈਂ ਸ਼ੋ੍ਮਣੀ ਕਮੇਟੀ ਦੇ ਪ੍ਰਧਾਨ ਧਾਮੀ ਜੀ ਤੇ ਗਿ. ਹਰਪ੍ਰੀਤ ਸਿੰਘ ਨੂੰ ਆਖਾਂਗਾ ਕਿ ਸਿਆਸਤਦਾਨਾਂ ਹੱਥੋਂ ਝਟਕਾਏ ਜਾਣ ਤੋਂ ਪਹਿਲਾਂ ਪਹਿਲਾਂ ਦੋ ਤਿੰਨ ਵੱਡੇ ਸੱਚ ਬੋਲ ਕੇ ਸੁਰਖ਼ਰੂ ਹੋ ਜਾਉ ਤੇ ਫਿਰ ਵੇਖੋ ਰੱਬ ਦੀ ਕਲਾ ਕਿਵੇਂ ਵਰਤਦੀ ਹੈ। ਇਸ ਵੇਲੇ ਸਿੱਖ, ਸਿੱਖੀ ਤੇ ਪੰਥਕ ਰਾਜਨੀਤੀ, ਅਪਣਿਆਂ ਹੱਥੋਂ ਡਾਢੇ ਖ਼ਤਰੇ ਵਿਚ ਹਨ। ਇਹੀ ਵੇਲਾ ਹੈ ਜਦੋਂ ਸੱਚ ਬੋਲ ਕੇ ਸੱਭ ਕੁੱਝ ਬਚਾਇਆ ਜਾ ਸਕਦਾ ਹੈ। ਅੱਗੋਂ ਕੁਰਸੀ ਵਾਲਿਆਂ ਦੀ ਮਰਜ਼ੀ।

ਅਹੁਦੇ ਤਾਂ ਸਿਆਸੀ ਲੋਕਾਂ ਖੋਹ ਹੀ ਲੈਣੇ ਨੇ, ਜਾਂਦੇ ਜਾਂਦੇ ਕੁੱਝ 'ਸੱਚ ਕੀ ਬੇਲਾ' ਸੱਚ ਬੋਲ ਕੇ ਤਾਂ ਜਾਉ। ਮੈਨੂੰ ਪਤਾ ਲੱਗਾ ਹੈ ਕਿ ਗਿ. ਹਰਪ੍ਰੀਤ ਸਿੰਘ ਨੂੰ ਕੱਢਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ ਕਿਉਂਕਿ ਐਕਟਿੰਗ ਜਥੇਦਾਰ ਨੇ ਹਰਿਆਣਾ ਕਮੇਟੀ ਤੇ ਅੰਮ੍ਰਿਤਪਾਲ ਸਿੰਘ ਸਬੰਧੀ 'ਸਿੱਧੇ ਸਾਫ਼' ਬਿਆਨ ਜਾਰੀ ਕਰਨ ਤੋਂ ਪੱਲਾ ਝਾੜ ਲਿਆ ਸੀ ਤੇ ਅੱਜ ਦੇ 'ਅਕਾਲੀ ਦਲ' ਦੇ ਚੌਧਰੀ ਤਾਂ ਇਹ ਬਰਦਾਸ਼ਤ ਨਹੀਂ ਨਾ ਕਰ ਸਕਦੇ ਕਿ ਜਥੇਦਾਰ ਲੋਕ, 'ਜੀਅ ਹਜ਼ੂਰੀਆਂ' ਵਾਲੇ ਬਿਆਨ ਦੇਣ ਤੋਂ ਸੰਕੋਚ ਕਰਨ ਲੱਗ ਪੈਣਜ।-ਧੰਨਵਾਦ ਸਹਿਤ ਸਪੋਕਸਮੈਨ

# ਇਕ-ਦੂਜੇ ਨੂੰ ਬਚਾਉਣ 'ਚ ਲੱਗੀਆਂ ਵਿਰੋਧੀ ਧਿਰਾਂ:ਭਾਜਪਾ

ਨਵੀਂ ਦਿੱਲੀ:ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਦੇ ਜਵਾਬ ਵਿਚ ਭਾਜਪਾ ਨੇ ਕਿਹਾ ਕਿ 'ਉਹ (ਵਿਰੋਧੀ) ਸਮਝਦੇ ਹਨ ਕਿ ਸੱਤਾ ਵਿਚ ਹੁੰਦਿਆਂ ਭ੍ਰਿਸ਼ਟਾਚਾਰ ਕਰਨਾ ਉਨ੍ਹਾਂ ਦਾ ਹੱਕ ਹੈ।' ਭਾਜਪਾ ਦੇ ਬੁਲਾਰੇ ਸੁਧਾਂਸ਼ੂ ਤ੍ਰਿਵੇਦੀ ਨੇ ਦਾਅਵਾ ਕੀਤਾ ਕਿ ਇਨ੍ਹਾਂ ਵਿਚੋਂ ਕਈ ਜਣੇ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਤਰਜਮਾਨ ਨੇ ਕਿਹਾ ਕਿ ਭਾਜਪਾ ਮੁਲਕ ਦੇ ਸਰਬਪੱਖੀ ਵਿਕਾਸ ਲਈ ਖੜ੍ਹਦੀ ਹੈ, ਤੇ ਵਿਰੋਧੀ ਧਿਰਾਂ 'ਇਕ-ਦੂਜੇ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਚਾਉਣ ਲਈ ਖੜ੍ਹਦੀਆਂ ਹਨ।' ਭਾਜਪਾ ਦੇ ਤਰਜਮਾਨ ਨੇ ਕਿਹਾ, 'ਉਹ ਜਿਹੜੇ ਸੰਵਿਧਾਨਕ ਅਹੁਦਿਆਂ ਉਤੇ ਹੁੰਦਿਆਂ ਕਥਿਤ ਤੌਰ ਉਤੇ ਭ੍ਰਿਸ਼ਟਾਚਾਰ ਕਰਦੇ ਰਹੇ ਹਨ, ਹੁਣ ਕਹਿ ਰਹੇ ਹਨ ਕਿ ਜਾਂਚ ਏਜੰਸੀਆਂ ਨੂੰ ਜਾਂਚ ਨਹੀਂ ਕਰਨੀ ਚਾਹੀਦੀ।'

ਭਾਜਪਾ ਆਗੂ ਨੇ ਕਿਹਾ ਕਿ ਹੋਰ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਾਰੇ ਆਮ ਆਦਮੀ ਪਾਰਟੀ ਦੀ ਹਮਾਇਤ ਵਿਚ ਅੱਗੇ ਆਏ ਹਨ ਜੋ ਖ਼ੁਦ ਇਨ੍ਹਾਂ ਸਾਰੀਆਂ ਪਾਰਟੀਆਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾ ਕੇ ਸਿਆਸਤ ਵਿਚ ਆਈ ਸੀ। ਭਾਜਪਾ ਦੇ ਬੁਲਾਰੇ ਨੇ ਕਿਹਾ ਕਿ 'ਆਪ' ਆਗੂ ਪਹਿਲਾਂ ਕਹਿੰਦੇ ਸਨ ਕਿ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ ਕਿ ਜੋ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਤੇ ਹੁਣ ਇਸ ਦੇ ਆਗੂ ਜੇਲ੍ਹ ਜਾ ਕੇ ਵੀ ਅਸਤੀਫ਼ਾ ਨਹੀਂ ਦੇ ਰਹੇ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਖ਼ਾਲਿਸਤਾਨੀ ਜੁਝਾਰੂ ਸ਼ਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ ਬੱਬਰ ਦਾ 30ਵਾਂ ਸ਼ਹੀਦੀ ਦਿਹਾੜਾ ਖ਼ਾਲਸਾਈ ਸ਼ਾਨ ਨਾਲ ਮਨਾਇਆ

## ਖ਼ਾਲਿਸਤਾਨੀ ਜੁਝਾਰੂਆਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ‘ਚ ਲਾਈਆਂ ਜਾਣ:ਪੰਥਕ ਆਗੂ



ਅੰਮ੍ਰਿਤਸਰ: ਬੱਬਰ ਖ਼ਾਲਸਾ ਦੇ ਚੋਟੀ ਦੇ ਜੁਝਾਰੂ ਸ਼ਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ, ਸ਼ਹੀਦ ਬੀਬੀ ਮਨਜੀਤ ਕੌਰ ਅਤੇ ਸ਼ਹੀਦ ਭਾਈ ਹਰਮੀਤ ਸਿੰਘ ਭਾਉਵਾਲ ਦੀ ਯਾਦ ਵਿੱਚ ਗੁਰਦੁਆਰਾ ਆਸਾ ਪੂਰਨ ਸਾਹਿਬ, ਜਲੰਧਰ ਵਿਖੇ 30ਵਾਂ ਸ਼ਹੀਦੀ ਦਿਹਾੜਾ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਜਿਸ ਵਿੱਚ ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਢਾਡੀ ਭਾਈ ਸਤਨਾਮ ਸਿੰਘ ਭਾਰਾਪੁਰ, ਕਵੀਸ਼ਰ ਭਾਈ ਪ੍ਰਿਤਪਾਲ ਸਿੰਘ ਬਰਗਾੜੀ ਤੇ ਗਿਆਨੀ ਕੁਲਵਿੰਦਰ ਸਿੰਘ ਭੋਗਪੁਰ ਨੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਖ਼ਾਲਿਸਤਾਨੀ ਸੰਘਰਸ਼ ਦੇ ਜੁਝਾਰੂ ਜਰਨੈਲ ਭਾਈ ਦਲਜੀਤ ਸਿੰਘ ਬਿੱਟੂ, ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ, ਅਵਾਜ਼ੇ ਕੌਮ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਕਰਤਾਰਪੁਰ, ਨੀਲੀਆਂ ਫ਼ੌਜਾਂ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਜਿੰਦਾ, ਦਰਸ਼ਨ ਦਾਸ ਨੂੰ ਸੋਧਣ ਵਾਲੇ ਜੁਝਾਰੂ ਭਾਈ ਰਜਿੰਦਰ ਸਿੰਘ ਮੁਗਲਵਾਲ, ਸੰਘਰਸ਼ੀ ਜੁਝਾਰੂ ਭਾਈ ਲਾਲ ਸਿੰਘ ਅਕਾਲਗੜ੍ਹ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਭਾਈ ਜਸਕਰਨ ਸਿੰਘ ਕਾਹਨਸਿੰਘਵਾਲਾ, ਲੇਖਕ ਭਾਈ ਗਗਨਦੀਪ ਸਿੰਘ ਪਟਿਆਲ਼ਾ, ਬੀਬੀ ਮਨਦੀਪ ਕੌਰ ਸੰਧੂ, ਸੰਤ ਜਰਨੈਲ ਸਿੰਘ ਵਾਸਤੇ ਜਹਾਜ ਅਗਵਾ ਕਰਨ ਵਾਲੇ ਯੋਧੇ ਭਾਈ ਤੇਜਿੰਦਰ ਸਿੰਘ ਹਾਈਜੈਕਰ, ਅਕਾਲ ਖ਼ਾਲਸਾ ਦੇ ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰ, ਭਾਈ ਹਰਪਾਲ ਸਿੰਘ ਖ਼ਾਲਿਸਤਾਨੀ, ਭਾਈ ਜਗਜੀਤ ਸਿੰਘ ਗਾਬਾ, ਭਾਈ ਦਲਜੀਤ ਸਿੰਘ ਗਾਬਾ, ਭਾਈ ਮਨਪ੍ਰੀਤ ਸਿੰਘ ਮੰਨਾ, ਸਿੱਖ ਤਾਲਮੇਲ ਕਮੇਟੀ ਦੇ ਭਾਈ ਹਰਪ੍ਰੀਤ ਸਿੰਘ ਨੀਟੂ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ। ਸਮਾਗਮ ‘ਚ ਪੰਥਕ ਆਗੂਆਂ ਨੇ ਕਿਹਾ ਕਿ ਖ਼ਾਲਿਸਤਾਨ ਦੀ ਅਜ਼ਾਦੀ ਤਕ ਸੰਘਰਸ਼ ਜਾਰੀ ਰੱਖਾਂਗੇ ਅਤੇ ਸ਼ਹੀਦ ਰਮਿੰਦਰਜੀਤ ਸਿੰਘ ਟੈਣੂ ਬੱਬਰ ਦੀ ਤਸਵੀਰ ਕੇਂਦਰੀ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਵਿੱਚ ਲਗਾਉਣ ਦੀ ਮੰਗ ਵੀ ਉੱਠੀ। ਸਮਾਗਮ ਵਿੱਚ ਸ਼ਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ ਬੱਬਰ ਦਾ ਪਰਿਵਾਰ, ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਬੱਬਰ ਦਾ ਪਰਿਵਾਰ, ਸ਼ਹੀਦ ਭਾਈ ਪਰਮਜੀਤ ਸਿੰਘ ਪੰਮਾ ਤੁਗਲਵਾਲਾ ਦੀ ਸੁਪਤਨੀ ਬੀਬੀ ਕੁਲਵਿੰਦਰ ਕੌਰ ਖ਼ਾਲਸਾ, ਸ਼ਹੀਦ ਕਸ਼ਮੀਰ ਸਿੰਘ ਬਾਠ ਦੇ ਭਰਾ ਦਲਬੀਰ ਸਿੰਘ ਅਤੇ ਕਈ ਹੋਰ ਸ਼ਹੀਦਾਂ ਦੇ ਪਰਿਵਾਰ ਵੀ ਵੱਡੀ ਗਿਣਤੀ ‘ਚ ਪਹੁੰਚੇ। ਸ਼ਹੀਦ ਭਾਈ ਰਮਿੰਦਰਜੀਤ ਸਿੰਘ ਟੈਣੀ ਦੇ ਭਰਾਤਾ ਭਾਈ ਕੰਵਲ ਚਰਨਜੀਤ ਸਿੰਘ ਹੈਪੀ ਨੇ ਸਭ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਦੇਵ ਸਿੰਘ, ਜਤਿੰਦਰ ਸਿੰਘ ਮਝੈਲ, ਨਿਰਵੈਰ ਸਿੰਘ ਸਾਜਨ, ਤਜਿੰਦਰ ਸਿੰਘ ਸਿਆਲ, ਕੁਲਜੀਤ ਸਿੰਘ ਚਾਵਲਾ, ਜਥੇਦਾਰ ਗੁਰਚਰਨ ਸਿੰਘ, ਹਰਜੋਤ ਸਿੰਘ ਲੱਕੀ, ਸੁਖਜੀਤ ਸਿੰਘ ਡਰੋਲੀ, ਗੁਰਮੀਤ ਸਿੰਘ ਬਿੱਟੂ, ਜਸਕੀਰਤ ਸਿੰਘ, ਸੁਰਿੰਦਰਪਾਲ ਸਿੰਘ ਗੋਲਡੀ, ਪਰਮਪਰੀਤ ਸਿੰਘ ਵਿੱਕੀ, ਉਂਕਾਰ ਸਿੰਘ, ਹਰਜੋਤ ਸਿੰਘ ਲੱਕੀ, ਸੋਨੂੰ ਸੰਧਰ, ਰਣਜੀਤ ਸਿੰਘ ਗੋਲਡੀ, ਜਸਵੰਤ ਸਿੰਘ ਸੁਭਾਨਾ ਅਤੇ ਜੈਤੇਗ ਸਿੰਘ ਆਦਿ ਹਾਜ਼ਰ ਸਨ।

## ਸੰਯੁਕਤ ਰਾਸ਼ਟਰ ਦੀ ਇਮਾਰਤ ਦੇ ਸਾਹਮਣੇ ਲੱਗੇ ਭਾਰਤ ਵਿਰੋਧੀ ਪੋਸਟਰ

ਨਵੀਂ ਦਿੱਲੀ:-ਭਾਰਤ ਨੇ ਸਵਿਟਜ਼ਰਲੈਂਡ ਦੇ ਰਾਜਦੂਤ ਨੂੰ ਤਲਬ ਕੀਤਾ ਅਤੇ ਜੇਨੇਵਾ ਵਿੱਚ ਸੰਯੁਕਤ ਰਾਸ਼ਟਰ ਦੀ ਇਮਾਰਤ ਦੇ ਸਾਹਮਣੇ ਲੱਗੇ ‘ਭਾਰਤ ਵਿਰੋਧੀ’ ਪੋਸਟਰਾਂ ਦੇ ਮੁੱਦੇ ’ਤੇ ਵਿਰੋਧ ਦਰਜ ਕਰਵਾਇਆ। ਸੂਤਰਾਂ ਅਨੁਸਾਰ ਸਵਿਸ ਰਾਜਦੂਤ ਨੇ ਇਹ ਮੁੱਦਾ ਸਵਿਟਜ਼ਰਲੈਂਡ ਸਰਕਾਰ ਸਾਹਮਣੇ ਪੂਰੀ ਗੰਭੀਰਤਾ ਨਾਲ ਚੁੱਕਣ ਦਾ ਭਰੋਸਾ ਦਿੱਤਾ ਹੈ। ਇੱਕ ਸੂਤਰ ਨੇ ਦੱਸਿਆ ਕਿ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮੀ) ਨੇ ਸਵਿਸ ਰਾਜਦੂਤ ਨੂੰ ਬੁਲਾਇਆ ਅਤੇ ਜਨੇਵਾ ਵਿੱਚ ਸੰਯੁਕਤ ਰਾਸ਼ਟਰ ਦੀ ਇਮਾਰਤ ਦੇ ਸਾਹਮਣੇ ਲਾਏ ਗਏ ‘ਭਾਰਤ ਵਿਰੋਧੀ’ ਪੋਸਟਰਾਂ ਦਾ ਮੁੱਦਾ ਉਠਾਇਆ। ਉਨ੍ਹਾਂ ਦੱਸਿਆ ਕਿ ਸਵਿਸ ਰਾਜਦੂਤ ਨੇ ਕਿਹਾ ਕਿ ਉਹ ਭਾਰਤ ਦੀਆਂ ਚਿੰਤਾਵਾਂ ਨੂੰ ਪੂਰੀ ਗੰਭੀਰਤਾ ਨਾਲ ਸਵਿਟਜ਼ਰਲੈਂਡ ਸਾਹਮਣੇ ਰੱਖਣਗੇ।







# ਨੁਮਾਇਸ਼ਗਾਹ

ਸ਼ੋਸ਼ਲ ਮੀਡੀਏ ਖਾਸਕਰ ਟਿਕ ਟੌਕ ਨੇ ਤਾਂ ਸੰਸਾਰ ਨੂੰ ਨੁਮਾਇਸ਼ਗਾਹ ਬਣਾ ਕੇ ਰਖ ਦਿਤਾ ਜਿਥੇ ਮੁੰਡਾ ਕੁੜੀ, ਬੁਡਾ ਜਵਾਨ, ਸਾਧ ਚੋਰ ਸਭ ਨੁਮਾਇਸ਼ ਲਾਈ ਬੈਠੇ ਕਿ ਦੇਖੋ ਪਹਿਲਾਂ ਮੈਨੂੰ ਦੇਖੋ।ਕੋਈ ਕਲਾ ਹੈ ਤਾਂ ਦੇਖੋ, ਕੋਈ ਚੀਜ ਵੇਚਣੀ ਚਾਹ ਰਿਹਾ ਤਾਂ ਦੇਖੋ ਕੋਈ ਗਲ ਦੇਣੀ ਚਾਹ ਰਿਹਾ ਤਾਂ ਦੇਖੋ ਪਰ ਐਵੇਂ ਈ ਦੇਖੋ।ਮੈਨੂੰ ਵੀ ਹਫਤੇ ਕੁ ਤੋਂ ਹਸਪਤਾਲ ਵਾਲਿਆਂ ਬੈਡ ਤੇ ਬੰਨਿਆ ਵਿਆ ਸੀ ਨੀਂਦ ਆਓਂਦੀ ਨਾ ਸੀ ਮੈਂ ਵੀ ਸੋਚਿਆ ਚਲੋ ਫਿਰ ਵੇਖੋ ਤਾਂ ਵੇਖੋ।ਤੋਤਿਆਂ ਵਾਲੇ ਕਬੂਤਰਾਂ ਵਾਲੇ ਦੇਖੇ। ਵੰਨ ਸਵੰਨੇ ਸਾਧ ਦੇਖੇ, ਸੁਲਫਿਆਂ ਵਾਲੇ ਦੇਖੇ, ਬੀੜੀਆਂ ਵਾਲੇ ਦੇਖੇ, ਖੋਤੀ ਰਿਹੜੀ ਮੂਹਰੇ ਹਾਥੀ ਜੋੜੀ ਫਿਰਦੇ ਦੇਖੇ। ਇਨਾ ਕੁਝ ਦੇਖ ਕੇ ਜਾਪਿਆ ਕਿ ਬੰਦੇ ਨੂੰ ਹੋ ਕੀ ਗਿਆ।ਇਨੀ ਨੁਮਾਇਸ਼ ਕਿ ਬੰਦਾ ਨੰਗਾ ਈ ਹੋਣ ਵੰਨੀ ਤੁਰ ਪਿਆ ਜਿਵੇਂ ਦਿਖਾਓਂਣ ਨੂੰ ਬਚਿਆ ਹੀ ਕਖ ਨਾ ਹੋਵੇ ਹੋਰ।ਕਈ ਮਾਈਆਂ ਤਾਂ ਗਾਣਿਆਂ ਐਕਟਿੰਗਾਂ ਤੋਂ ਵੀ ਅਗੇ ਡਾਂਡੇ ਮੀਂਡੇ ਈ ਹੋ ਵਗੀਆਂ ਜਿਵੇਂ ਘਰਾਂ ਦੇ ਸਭ ਮਰਦ ਸੰਸਾਰ ਨੂੰ ਅਲਵਿਦਾ ਆਖ ਗਏ ਹੋਣ ਨਹੀ ਤਾਂ ਕੁਝ ਕੁ ਹਯਾ ਤਾਂ ਬਚ ਹੀ ਰਹਿੰਦੀ ਬੰਦੇ ਵਿਚ।

ਅਜ ਹਰੇਕ ਕੈਮਰੇ ਮੂਹਰੇ, ਹਰ ਐਕਟਰ ਵੰਨੀ, ਹਰੇਕ ਡਾਂਸਰ ਹੋਰ ਕੁਝ ਨਹੀ ਲਭਦਾ ਮਝ ਕਟੇ ਈ ਮੂਹਰੇ ਕਰ ਦੇਣਗੇ। ਸਾਡੀਆਂ ਕੁੜੀਆਂ ਦੀਆਂ ਹਰਕਤਾਂ ਵੰਨੀ ਦੇਖ ਲਗਦਾ ਮਾਂ ਪੇ ਇਨੇ ਕਮਜੋਰ ਕਿਓਂ ਹੁਣ ਦੇ ਜੁਗ ਦੇ।

ਆਮ ਘਰੇਲੂ ਔਰਤ ਤੋਂ ਲੈ ਕੇ ਕੁੜੀਆਂ ਨਵ ਵਿਆਹੀਆਂ ਸਭ ਟਿਕ ਟੌਕ ਤੇ ਯਾਣੀ ਨੁਮਾਇਸ਼।

ਇਥੇ ਤਕ ਕੀ ਬੰਦਾ ਅਪਣੀ ਘਰਵਾਲੀ ਦੇ ਵਾਲ ਖਲਾਰੀ ਬੈਠਾ ਸ਼ੂਟ ਕਰ ਰਿਹਾ ਹੁੰਦਾ ਕਿ ਇਨੇ ਮੇਰਾ ਦਿਲ ਲੁੱਟਿਆ ਅਤੇ ਸਵੇਰੇ ਉਠਕੇ ਸਗਨ ਦੇ ਲਿਫਾਫਿਆਂ ਤਰਾਂ ਫੋਨ ਖੋਹਲ ਖੋਹਲ ਗਿਣ ਰਿਹਾ ਹੁੰਦਾ ਕਿਸ ਦੇ ਕਿੰਨੇ ਲਾਈਕ ਕਿੰਨੇ ਕੁਮੈਂਟ ਆਏ ਅਤੇ ਕਿਸ ਦੇ ਰਹਿ ਗਏ ਕਿ ਵਾਹ! ਘਰਵਾਲੀ ਤੇਰੀ ਤੋਬਾ। ਮੈਨੂੰ ਜਿਓਂਣ ਖਾਤਰ ਏਨੀ ਹਵਾ ਚਾਹੀਦੀ ਹੀ ਕਿਓਂ ਸੀ ਜਿੰਨੀ ਕੁ ਮੂੰਹ ਵਿਚਦੀ ਆ ਰਹੀ ਸੀ ਕਾਫੀ ਨਹੀ?ਬਾਕੀ ਛਡੋ ਸਿਧਾ ਰਬ ਤਕ ਪਾਓੜੀਆਂ ਲਾ ਕੇ ਛਡ ਆਓਂਣ ਵਾਲੇ ਸਾਧਾਂ ਬਾਬਿਆਂ ਦਾ ਓਦੋਂ ਵੀ ਬੁਰਾ ਹਾਲ। ਉਪਰੋਂ ਨਿਖੱਧ ਲੋਕ ਜਿਹੜੇ ਓਨਾ ਉਪਰ ਨਾਲ ਗੁਰਬਾਣੀ ਦੇ ਪਾਵਨ ਬਚਨ 'ਡਬ' ਕਰਕੇ ਚੇਪ ਦਿੰਦੇ ਨੇ ਜਿਵੇਂ ਇਸ ਤੋਂ ਬਾਅਦ ਬੰਦੇ ਹੁਣ ਜੰਮਣੋ ਹਟ ਜਾਣੇ ਨੇ। ਰਬ ਦੀਆਂ ਗਲਾਂ ਦਸਣ ਵਾਲੇ ਇਨਾ ਸਾਧਾਂ ਦੀ ਦਿਹਾੜੀ ਵੀ ਆਮ ਲੋਕਾਂ ਤਰਾਂ ਲਾਈਕ ਕੁਮੈਟ ਗਿਣਦਿਆਂ ਦੀ ਲੰਘ ਜਾਂਦੀ ਲੋਕਾਂ ਦਾ ਇਨੀ ਕੀ ਖਾਕ ਸੰਵਾਰਨਾ? ਦਾਲ ਦੀ ਤੌੜੀ ਤੋਂ ਲੈ ਕੇ ਤੋਤਿਆਂ ਕੁਤਿਆਂ ਦੇ ਸਫਰਾਂ ਵਾਲੀ ਕਹਾਣੀ ਤਾਂ ਤੁਸੀ ਦੇਖੀ ਹੀ ਹੋਈ ਇਕ ਨਵਾ ਉਠਿਆ ਓਹ ਮਾਂ ਦਾ ਪੁਤ ਤੋਤੇ ਦੇ ਨਾਲ ਇਕ ਪਾਸੇ ਕਬੂਤਰ ਵੀ ਬੈਠਾਈ ਬੈਠਾ ਸੀ ।

ਤਪੋਬਨੀਆ ਖੋਤੀ ਰਿਹੜੀ ਮੂਹਰੇ ਹਾਥੀ ਜੋੜੀ ਭਜਾਈ ਜਾਂਦਾ ਸੀ। ਕਿਸੇ ਪੁਛਿਆ ਬਾਬਾ ਜੀ ਪਠੇ ਲੈਣ ਚਲੇ ਓਂ? ਕਹਿੰਦਾ ਅੰਨਿਆ ਦਿਸਦਾ ਨਹੀ ਗੱਡੀ ਸਚਖੰਡ ਜਾ ਰਹੀ ਬਹਿ ਜਾਹ ਤੈਂ ਵੀ ਜਾਣਾ ਤਾਂ। ਮਗਰ ਲਾਈਲਗਾਂ ਦੀ ਭੀੜ ਮੁੜਕਿਓ ਮੁੜਕੀ। ਕਦੇ ਓਹ ਰੁਖ ਜਿਹਾ ਪਾੜ ਉਸ ਵਿਚ ਵੜ ਬੈਠਦਾ ਕਿ ਖਿਚ ਫੋਟੋ ਲਗ ਗਈਆਂ ਈ ਲਿਵਾਂ। ਦਸ ਇਥੇ ਖੁੰਗੀਆਂ 'ਚ ਜਿਆਦਾ ਲਿਵ ਲਗਦੀ ਸੀ।ਨਾਨਕਸਰੀਆਂ ਦਾ ਕੋਈ ਗੁਰਜੀਤ ਸਿੰਘ ਐ ਓਹ ਮਾਂ ਦਾ ਪੁਤ ਕੈਮਰੇ ਤੋਂ ਬਿਨਾ ਟਾਇਲਟ ਪਤਾ ਨਹੀ ਕਿਵੇਂ ਜਾ ਬੈਠਦਾ ਅਤੇ ਨਾਲ ਨਾਲ ਕੁਰਾਲੀ ਵਾਲੇ ਦਾ ਡਬ ਕੀਤਾ ਗਾਣੇ ਜਿਹੇ ਵਰਗਾ ਵਜ ਰਿਹਾ ਹੁੰਦਾ ਅਖੇ ਧਰਤੀ ਜਦ ਕਰੇ ਪੁਕਾਰਾਂ ਸਾਧੂ ਜਨ ਆਓਂਦੇ ਨੇ। ਨਾਲ ਇਹ ਨੀ ਦਸਿਆ ਹੁੰਦਾ ਕਿ ਕੈਮਰੇ ਸ਼ੈਮਰੇ ਵੀ ਨਾਲੇ ਲੈ ਕੇ ਆਓਂਦੇ ਜਾਂ ਕੁਰਾਲੀ ਤੋਂ ਲੈਂਦੇ ਆ ਕੇ।ਇਕ ਮਾਝੇ ਵੰਨੀ ਦਾ ਬਾਬਾ ਅਖਾਂ ਤਾਂ ਭੰਗ ਨਾਲ ਨਹੀ ਖੁਲਦੀਆਂ ਉਸਦੀਆ ਮਗਰ ਗਾਈ ਜਾਣਗੇ ਮਥੇ ਦੀਆਂ ਤਕਦੀਰਾਂ ਸਾਧੂ ਬਦਲ ਦਿੰਦੇ ਨੇ। ਓਹ ਪੈਰੋਂ ਵਿਚਾਰਾ ਥੋੜਾ ਆਰੀ ਜਾਪਦਾ ਪਰ ਉਸ ਨੂੰ ਗੁਰੂ ਸਾਹਬਾਨਾ ਤਰਾਂ ਪੇਸ਼ ਕੀਤਾ ਜਾ ਰਿਹਾ ਹੁੰਦਾ ਮਗਰ ਕਵਿਤਾਵਾਂ ਡਬ ਕਰ ਕਰ। ਅਜਿਹੇ ਨੁਮਾਇਸ਼ੀ ਕਲਿਪ ਖੁਦ ਸੰਤਾਂ ਦੀਆਂ ਹੀ ਫਰਮਾਇਸ਼ਾਂ ਤੇ ਫਿਲਮਾਏ ਜਾਂਦੇ ਨੇ।ਸੌਧਾ ਅਤੇ ਢਡਰੀ ਕਿਆਂ ਦੀ ਓਂ ਈ ਬਲੇ ਬਲੇ। ਓਨਾ ਅੰਦਰਲਾ ਸ਼ਾਹਰੁਖ ਖਾਨ ਤਾਂ ਬੁੜਕ ਬੁੜਕ ਪੈਂਦਾ ਬਾਹਰ ਨੂੰ। ਸੌਦਾ ਇਓਂ ਸੀ ਕਿ ਭੁਸ ਪੂਰਾ ਕਰ ਗਿਆ ਵਾਯਾਤੀਆਂ ਮਾਰ ਕੇ। ਰਹਿੰਦੀ ਕਸਰ ਉਨ ਗਾਇਕ ਬਣਕੇ ਕਢਾ ਲਈ ਆਵਦੀ। ਉਸ ਦੀਆਂ ਚੀਕਾਂ ਜਿਹੀਆਂ ਸੁਣਕੇ ਜਾਪਦਾ ਹੁੰਦਾ ਕਿਸੇ ਦਿਨ ਇਨ ਚੀਕ ਮਾਰਨ ਗਏ ਨੇ ਹੀ ਹੇਠਾਂ ਨਹੀ ਮੁੜਨਾ ਅਤੇ ਪਿਤਾ ਜੀ ਵਾਲੀਆਂ ਮਾਈਆਂ ਦੇ ਕੀਰਨਿਆਂ ਧਰਤੀ ਪੁਟ ਮਾਰਨੀ ਪੰਜਾਬ ਦੀ।ਢਡਰੀ ਨਵੇ ਐਕਟਰ ਵਾਂਗ ਜੋਰ ਤਾਂ ਲਾਓਂਦਾ ਪਰ ਸੰਗਾਊ ਨੂੰਹ ਤਰਾਂ ਪੂਰਾ ਘੁੰਡ ਨਹੀ ਚਕ ਸਕਿਆ। ਓਹ ਆਨੇ ਬਹਾਨੇ ਤੌੜੀਆਂ ਤੂੜੀਆਂ ਉਬਾਲ ਕੇ ਭੁਸ ਪੂਰਾ ਕਰ ਲੈਂਦਾ। ਪਰ ਮੇਕਅਪ ਮਾਮਲੇ ਨਹੀ ਓਹ ਕਿਸੇ ਨੂੰ ਨੇੜੇ ਲਗਣ ਦਿੰਦਾ।ਓਧਰ ਵਿਚਾਰਾ ਭੁਚੋ ਵਾਲਾ ਉਸ ਨੂੰ ਦੋ ਜਣੇ ਮੋਢਾ ਇੰਝ ਦੇਈ ਜਾ ਰਹੇ ਹੁੰਦੇ ਜਿਵੇਂ ਕਰੇਨ ਨੇ ਕੱਟਾ ਚੁਕਿਆ ਹੁੰਦਾ ਪਰ ਮਗਰ ਨਾਲ ਗਾਈ ਜਾਣਗੇ।

ਮਹਿਮਾ ਸਾਧੂ ਸੰਗ ਦੀ ਸੁਣਿਓ ਮੇਰੇ ਮੀਤਾ।

ਓਹ ਵੀ ਮਾਂ ਦਾ ਪੁਤ ਕਛਾਂ ਚੋਂ ਨਿਕਲ ਕੇ ਡਿਗ ਚਾਹੇ ਜਾਏ ਪਰ ਮੋਦੀ ਤਰਾਂ ਕੈਮਰੇ ਦਾ ਵਸਾਹ ਨਹੀ ਖਾਂਦਾ।

ਬਾਹਲਿਆਂ ਕੋਲੋਂ ਤਾਂ ਪਾਓੜੀਆਂ ਵੀ ਸਵਾਦ ਨਾਲ ਚੜ ਨਹੀ ਹੁੰਦੀਆਂ। ਓਹ ਜੋਤਰਾ ਲਾ ਕੇ ਹਫੇ ਸੰਢੇ ਤਰਾਂ ਮੋਢਾ ਭਾਲ ਰਹੇ ਹੁੰਦੇ ਪਰ ਓਧਰ ਟਿਕ ਟਿਕ ਚਲ ਰਹੀ ਹੁੰਦੀ ਜਿਸ ਤੋਂ ਬਿਨਾ ਓਹ ਪ੍ਰਾਣ ਤਿਆਗ ਦੇਣਗੇ।

ਤੁਸੀਂ ਕਹਿੰਨੇ ਨਿਆਣੇ ਨਹੀ ਰਹਿੰਦੇ ਫੋਨਾ ਤੋਂ ਬਿਨਾ ਪਰ ਮੇਰਾ ਪੰਜ ਚਾਰ ਦਿਨਾ ਦਾ ਤਜਰਬਾ ਕਹਿੰਦਾ ਫੋਨਾਂ ਤੋਂ ਬਿਨਾ ਸਭ ਤੋਂ ਪਹਿਲਾਂ ਤੁਹਾਡੇ ਆਹਾ 'ਸਚਖੰਡੀਏ' ਮਰ ਜਾਣੇ।ਇਹੀ ਹਾਲ ਸੁਲਫੇ ਪੀਣੇ ਮਸਤਾਂ ਦਾ ਐ। ਇਕ ਤਾਂ ਓਨਾ ਦੀਆਂ ਮੀਡੀਆਂ ਜਿਹੀਆਂ ਹੀ ਤੁਹਾਡੀ ਸਮਝ ਨਹੀ ਆਓਂਦੀਆਂ ਅਤੇ ਜੁਲਫਾਂ ਜਿਹੀਆਂ ਓਹ ਇਓਂ ਬਣਾ ਕੇ ਨਿਕਲਦੇ ਜਿਵੇਂ ਸੋਹਣੀ ਮਹੀਵਾਲ ਨਾਲ ਭਜਣ ਲਗੀ ਹੋਵੇ।ਦੂਜਾ ਕਈਆਂ ਤਾਂ ਜਿਦ ਕੀਤੀ ਵੀ ਆ ਕਿ ਜੇ ਪੰਜਾਬ ਦਾ ਸਾਰਾ ਆਟਾ ਮੇਰੇ ਢਿਡੋਂ ਬਚ ਨਿਕਲਿਆ ਤਾਂ ਮੈਨੂੰ ਕਿਨ ਮਸਤ ਆਖਣਾ। ਓਹ ਬੈਠੇ ਕਿਤੇ ਦਿਸਦੇ ਹੁੰਦੇ ਢਿਡ ਜਿਵੇਂ ਕਿਤੇ ਹੋਰ ਪਿਆ ਹੁੰਦਾ। ਓਹੀ ਕਰੇਨ ਨਾਲ ਕਟਾ ਚੁਕਣ ਵਰਗੀ ਹਾਲਤ।

ਬਤੀ ਵਾਲੇ ਮਾਨ ਦਾ ਲਾਡੀ ਸ਼ਾਹ ਹੁਣ ਤਾਂ ਮਰ ਗਿਆ ਪਰ ਓਹ ਝਗਾ ਲਾਹ ਢਿਡ ਆਵਦਾ ਇਓਂ ਦਿਖਾਉਂਦਾ ਫਿਰਦਾ ਹੁੰਦਾ ਸੀ ਲੋਕਾਂ ਵਿਚ ਜਿਵੇਂ 'ਮਿਸ ਵਲਡ' ਦਾ ਮੁਕਾਬਲਾ ਜਿਤਣ ਆਇਆ ਹੁੰਦਾ।ਗਾਓਂਣ ਵਾਲੇ ਨਚਾਰ ਸਮੇਤ ਮਾਨ ਇਓਂ ਓਥੇ ਇਨਾ ਦੀਆਂ ਜੂਠੀਆਂ ਬੀੜੀਆਂ ਯਾਣੀ ਰਾਲਾਂ ਚਟਦੇ ਫਿਰਦੇ ਹੁੰਦੇ ਜਿਵੇਂ ਰੇਗਸਤਾਨ ਵਿਚਲਾ ਡੁਬਦਾ ਜਹਾਜ ਇਨੀ ਕਢ ਕੇ ਲਿਆਓਂਣਾ ਹੁੰਦਾ।ਲੋਕਾਂ ਨੂੰ ਪੁਛੇ ਇਹ ਅਪਣੀ ਚਾਰ ਮਣ ਦੀ ਦੇਹ ਧੂਹਣਗੇ ਜਾਂ ਪਹਿਲਾਂ ਤੁਹਾਡਾ ਜਹਾਜ।

ਇਨਾ ਦੇ ਡੇਰੇ ਜਿੰਨਾ ਸਿਗਰਟ ਦਾ ਧੂੰਆ ਜਿਆਦਾ ਓਨਾ ਵਡਾ ਮਸਤ। ਇਕ ਯਬਲ ਤਾਂ 8-8 ਬੀੜੀਆਂ ਇਕੇ ਹਥ ਹੀ ਫਸਾਈ ਫਿਰਦਾ ਸੀ ਅਤੇ ਧੂਆਂ ਇਓਂ ਛਡ ਰਿਹਾ ਸੀ ਜਿਵੇਂ ਗਾਰੇ 'ਚ ਫਸੀ ਗਡੀ ਕਚਾ ਧੂਆਂ ਮਾਰ ਗਈ ਹੁੰਦੀ।ਡੇਰਿਆਂ ਇਨਾ ਦੇ ਦੇਹ ਸਿਗਰਟ ਤੇ ਸਿਗਰਟ, ਸੁਲਫੇ ਤੇ ਸੁਲਫਾ ਅਤੇ ਕੋਲੇ ਆਲੇ ਮਾੜੇ ਇੰਝਣ ਤਰਾਂ ਧੂਆਂ ਹੀ ਧੂੰਆਂ। ਇਕ ਨੇ ਤਾਂ ਪੂਰੀ ਸ਼ਰਾਬ ਦੀ ਬੋਤਲ ਹੀ ਓਦੋਂ ਮੂੰਹੋਂ ਲਾਹੀ ਜਦ ਬੋਤਲ ਨੇ ਹੀ ਕਹਿ ਦਿਤਾ ਛਡ ਦੇਹ ਬੇਸ਼ਰਮਾ ਹੈ ਨੀ ਕਖ ਵਿਚ। ਪਰ ਸਾਹਵੇਂ ਬੈਠਿਆਂ ਲਈ ਬੰਦਾ ਹੁਣ ਕੀ ਕਹੇ। ਜਾਹਲਤਾ ਤੋਂ ਉਪਰ ਕਿਹੜਾ ਲਫਜ ਖੋਜੇ ਜੀਹਨਾ ਸਾਹਵੇਂ ਓਹ ਇਸ ਲੰਡਰਪੁਣੇ ਦੀ ਖੁਲ ਕੇ ਨੁਮਾਇਸ਼ ਕਰ ਰਿਹਾ ਸੀ।

ਈਸਾ ਵਾਲੇ ਆਵਦੇ ਭੰਗੜੇ ਪਾਈ ਜਾਂਦੇ ਕੈਮਰੇ ਮੂਹਰੇ ਕਰਕੇ। ਓਹ ਅਜਿਹਾ ਕਰੰਟ ਮਾਰਦੇ ਕਿ ਮੂਹਰੇ ਵਾਲੀ ਕਿਰਾਏ ਤੇ ਲਿਆਂਦੀ ਮਾਈ ਫੁੜਕ ਕੇ ਜਾ ਪੈਂਦੀ। ਕਲ ਹੀ ਦੇਖਿਆ ਕਿਤੇ ਭੋਲੀ ਜਿਹੀ ਪੇਡੂੰ ਮਾਈ ਚੁਕ ਲਿਆਏ ਓਹ ਕਰੰਟ ਖਾ ਕੇ ਡਿਗੇ ਨਾ ਪਰ ਰੋਈ ਜਾਵੇ। ਕਰੰਟ ਵਾਲੇ ਨੇ ਬਥੇਰਾ ਸਿਰ ਘੁਮਾਇਆ ਕਿ ਮਰ ਜੇਂ ਡਿਗ ਜਾਹ ਕਿਓਂ ਬੇਇਜਤੀ ਕਰਾਓਂਣ ਡਹੀ ਏਂ ਪਰ ਆਖਰ ਉਸ ਨੂੰ ਧਕਾ ਮਾਰ ਕੇ ਸੁਟਣਾ ਪਿਆ।ਹੇਠਾਂ ਕਿਸੇ ਮਨਚਲੇ ਕੁਮੈਂਟ ਪਾਇਆ ਸੀ ਕੀ ਬਾਬੇ ਦੀ ਹੀ ਬੈਟਰੀ ਮੁਕ ਗਈ ਜਾਪਦੀ ਜਿਹੜੀ ਹੁਣ ਕਰੰਟ ਮਾਰਨੋ ਹਟ ਗਈ।ਨੀਆਣੇ ਸਿਆਣੇ ਸਭ ਇਸ ਨੁਮਾਇਸ਼ ਬਜਾਰ ਨੇ ਬਿਮਾਰ ਕਰ ਰਖੇ ਨੇ । ਮਨੁੱਖ ਇਨਾ ਕਮਜੋਰ ਕਿਓਂ ਕਿ ਉਸ ਨੂੰ ਇਓਂ ਕਰ ਕਰ ਦਸਣਾ ਪਵੇ ਕਿ ਮੈਂ ਕੀ ਹਾਂ। ਈਗੋ ਦੀ ਇਨੀ ਭੁਖ ਕਿਓਂ ਵਧ ਗਈ ਹੋਈ ਕਿ ਬੰਦਾ ਨਿਆਣੇ, ਘਰਵਾਲੀ, ਮਾਂ ਬਾਪ, ਰੋਟੀ ਤਕ ਛਡੀ ਬੈਠਾ ਹੁੰਦਾ ਪਰ ਆਹਾ ਬਿਮਾਰੀ ਨਹੀ ਛਡ ਸਕਦਾ।ਮੈਂ ਤਿੰਨ ਸਾਲ ਅਖਬਾਰ ਚਲਾਈ ਛੇ ਸਾਲ ਮੈਗਜ਼ੀਨ ਪਰ ਇਸ ਪੂਰੇ ਸਮੇ ਵਿਚ ਕਿਸੇ ਮੇਰੀ ਇਕ ਵੀ ਫੋਟੋ ਅਖਬਾਰ ਮੈਗਜ਼ੀਨ ਵਿਚ ਦੇਖੀ ਹੋਵੇ।ਮੇਰੇ ਕੁਝ ਸੁਹਿਰਦ ਮਿਤਰਾਂ ਕਿਹਾ ਵੀ ਪਰ ਮੇਰਾ ਮੰਨਣਾ ਸੀ ਕੀ ਇਹ ਫੋਟੋ ਕਲਚਰ ਬੰਦੇ ਦੀ ਈਗੋ ਨੂੰ ਹਵਾ ਦਿੰਦਾ ਹੈ ਅਤੇ ਜਿੰਦਗੀ ਦੀ ਸਥਿਰਤਾ ਬਣੇ ਰਹਿਣ ਵਿਚ ਅੜਚਨ ਪੈਦਾ ਕਰਦਾ ਹੈ। ਲੋਕਾਂ ਦਾ ਅਤੇ ਔਰਤ ਦਾ ਅਪਣੀ ਦੇਹ ਦੀ ਨੁਮਾਇਸ਼ ਲਾਓਣਾ ਅਤੇ ਡੇਰੇਦਾਰਾਂ ਦਾ ਖੁਦ ਦੀ ਅਤੇ ਅਪਣੇ ਡੇਰਿਆਂ ਦੀ ਨੁਮਾਇਸ਼ ਲਾਓਂਣਾ ਦਸਦਾ ਕਿ ਆਮ ਵੀ ਅਤੇ ਲੋਕਾਂ ਨੂੰ ਰਾਹੇ ਪਾਓਂਣ ਵਾਲੇ ਵੀ ਔਝੜੇ ਪੈ ਚੁਕੇ ਹੋਏ ਨੇ ਜਿਥੇ ਫੋਕੀ ਵਾਹ ਵਾਹ ਬਲੇ ਬਲੇ ਦੀ ਹਵਾ ਤੋਂ ਸਿਵਾਏ ਕਖ ਨਹੀ। ਕਿ ਹੈ?

-ਗੁਰਦੇਵ ਸਿੰਘ ਸੱਧੇਵਾਲੀਆ


**AujLawZ** **Tax & Accounting Services**
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323










# ‘ਇਨਸਾਫ਼ ਵੀ ਜਾਤ ਵੇਖ ਕੇ ਮਿਲਦਾ ਹੈ’

## ਹਾਥਰਸ (ਯੂ.ਪੀ) ਦੀ ਰੇਪ ਕਰਕੇ ਕਤਲ ਕੀਤੀ ਗਈ ਦਲਿਤ ਲੜਕੀ ਨੂੰ ਨਾ ਮਿਲਿਆਂ ਇਨਸਾਫ








ਯੂ.ਪੀ:-2020 ਦੇ ਹਾਥਰਸ ਕੇਸ ਵਿੱਚ ਦਲਿਤ ਕੁੜੀ ਦੇ ਕਥਿਤ ਕਤਲ ਤੇ ਬਲਾਤਕਾਰ ਦੇ ਮਾਮਲੇ ਵਿੱਚ ਹਾਥਰਸ ਦੀ ਅਦਾਲਤ ਨੇ ਇੱਕ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੱਤਾ ਹੈ ਅਤੇ ਤਿੰਨ ਹੋਰ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ।ਅਦਾਲਤ ਦੇ ਫੈਸਲੇ ਦੀ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਅਦਾਲਤ ਨੇ ਕਿਸੇ ਨੂੰ ਵੀ ਕੁੜੀ ਦੇ ਕਤਲ ਅਤੇ ਬਲਾਤਕਾਰ ਦਾ ਦੋਸ਼ੀ ਨਹੀਂ ਮੰਨਿਆ ਹੈ।

ਮੁਲਜ਼ਮ ਸੰਦੀਪ ਨੂੰ ਗੈਰ-ਇਰਾਦਤਨ ਕਤਲ ਅਤੇ ਐੱਸਸੀਐੱਸਟੀ ਐਕਟ ਦੀਆਂ ਧਾਰਾਵਾਂ ਤਹਿਤ ਦੋਸ਼ੀ ਮੰਨਿਆ ਹੈ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਹਾਥਰਸ ਦੇ ਵਿਸ਼ੇਸ਼ ਜੱਜ ਤ੍ਰਿਲੋਕ ਸਿੰਘ ਨੇ ਆਪਣੇ ਫੈਸਲੇ ਵਿੱਚ ਲਿਖਿਆ ਹੈ, “ਇਸ ਘਟਨਾ ਵਿੱਚ ਪੀੜਤਾ ਵਾਰਦਾਤ ਦੇ ਅੱਠ ਦਿਨਾਂ ਬਾਅਦ ਤੱਕ ਗੱਲਬਾਤ ਕਰਦੀ ਰਹੀ ਅਤੇ ਬੋਲਦੀ ਰਹੀ ਹੈ।”

“ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਮੁਲਜ਼ਮ ਦਾ ਮਕਸਦ ਪੀੜਤਾ ਦਾ ਕਤਲ ਕਰਨ ਦਾ ਰਿਹਾ ਸੀ ਇਸ ਲਈ ਮੁਲਜ਼ਮ ਸੰਦੀਪ ਦਾ ਅਪਰਾਧ ਗ਼ੈਰ-ਇਰਾਦਤਨ ਕਤਲ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਹ ਮਾਮਲਾ ਕਤਲ ਦਾ ਨਹੀਂ ਬਣਦਾ ਹੈ।”

ਬਲਾਤਕਾਰ ਦੇ ਇਲਜ਼ਾਮ ਤੋਂ ਵੀ ਸਾਰਿਆਂ ਨੂੰ ਬਰੀ ਕਰ ਦੇਣ ਉੱਤੇ ਅਦਾਲਤ ਨੇ ਕਿਹਾ, “ਉਸ ਸਬੰਧ ਵਿੱਚ ਮੇਰਾ ਵਿਚਾਰ ਹੈ ਕਿ ਸਬੂਤਾਂ ਦੀ ਵਿਵੇਚਨਾ ਵਿੱਚ ਪੀੜਤਾ ਦੇ ਨਾਲ ਬਲਾਤਕਾਰ ਹੋਣਾ ਸਾਬਿਤ ਨਹੀਂ ਹੋਇਆ ਹੈ। ਮੁਲਜ਼ਮ ਰਵੀ, ਰਾਮੂ ਤੇ ਲਵਕੁਸ਼ ਵੱਲੋਂ ਪੀੜਤਾ ਦੇ ਨਾਲ ਕਥਿਤ ਰੇਪ ਵੀ ਸਾਬਿਤ ਨਹੀਂ ਹੋਇਆ ਹੈ ਇਸ ਲਈ ਸਾਰੇ ਮੁਲਜ਼ਮ ਬਲਾਤਕਾਰ ਦੇ ਇਲਜ਼ਾਮਾਂ ਤੋਂ ਦੋਸ਼ ਮੁਕਤ ਕੀਤੇ ਜਾਣ ਦੇ ਯੋਗ ਹਨ।”

ਅਦਾਲਤ ਦੇ ਅਨੁਸਾਰ ਮੁਲਜ਼ਮ ਸੰਦੀਪ ਸਿਸੋਦੀਆ ਦੇ ਖਿਲਾਫ ਗ਼ੈਰ-ਇਰਾਦਤਨ ਕਤਲ ਅਤੇ ਐੱਸਸੀਐੱਸਟੀ ਐਕਟ ਦੀਆਂ ਧਾਰਾਵਾਂ ਤਹਿਤ “ਸ਼ੱਕ ਤੋਂ ਪਰੇ ਸਬੂਤ ਮਿਲੇ ਹਨ” ਅਤੇ ਇਸ ਲਈ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਜਦੋਂ ਬੀਬੀਸੀ ਅਤੇ ਹੋਰ ਮੀਡੀਆ ਟੀਮਾਂ ਪੀੜਤਾਂ ਦੇ ਪਰਿਵਾਰ ਦੇ ਘਰ ਪਹੁੰਚੀਆਂ ਤਾਂ ਸੀਆਰਪੀਐੱਫ ਅਤੇ ਸੁਰੱਖਿਆ ਦੇ ਸਖਤ ਘੇਰੇ ਵਿੱਚ ਰਹਿ ਰਿਹਾ ਪਰਿਵਾਰ ਬਾਹਰ ਆਇਆ।

ਪਰਿਵਾਰ ਦੀ ਨੂੰਹ ਨੇ ਹੱਥ ਜੋੜ ਕੇ ਸੁਰੱਖਿਆ ਮੁਲਾਜ਼ਮਾਂ ਨੂੰ ਕਿਹਾ, “ਇਨ੍ਹਾਂ (ਮੀਡੀਆ) ਨੂੰ ਅੰਦਰ ਆਉਣ ਦਿੱਤਾ ਜਾਵੇ, ਅੱਜ ਤਾਂ ਸਾਨੂੰ ਆਪਣੇ ਮਨ ਦੀ ਗੱਲ ਕਰਨ ਦਿੱਤੀ ਜਾਵੇ।”ਬਾਅਦ ਵਿੱਚ ਮੀਡੀਆ ਨੂੰ ਘਰ ਦੇ ਅੰਦਰ ਜਾ ਕੇ ਉਨ੍ਹਾਂ ਲੋਕਾਂ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਦਿੱਤੀ ਗਈ।

ਪੀੜਤਾ ਦੀ ਭਾਬੀ ਨੇ ਬੀਬੀਸੀ ਨਾਲ ਗੱਲਬਾਤ ਕਰਦੇ ਹੋਏ ਕਿਹਾ, “ਸਾਨੂੰ ਇਨਸਾਫ਼ ਨਹੀਂ ਮਿਲਿਆ, ਕੇਵਲ ਉਸ ਇੱਕ ਮੁੰਡੇ ਨੂੰ ਮੋਹਰਾ ਬਣਾਇਆ ਗਿਆ ਹੈ।” ਉਨ੍ਹਾਂ ਦਾ ਕਹਿਣਾ ਸੀ, “ਇਹ ਦਬਾਅ ਵਿੱਚ ਫੈਸਲਾ ਹੋਇਆ ਹੈ, ਸਬੂਤਾਂ ਅਤੇ ਗਵਾਹਾਂ ਦੀ ਬੁਨਿਆਦ ਉੱਤੇ ਨਹੀਂ ਹੋਇਆ ਹੈ।”

ਉਹ ਕਹਿੰਦੇ ਹਨ ਕਿ ਅਦਾਲਤ ਵਿੱਚ ਉਨ੍ਹਾਂ ਦੇ ਵਕੀਲਾਂ ਨੂੰ ਇਹ ਕਹਿੰਦੇ ਹੋਏ ਸੁਣਿਆ, “ਜਾਤੀ ਸੂਚਕ ਸ਼ਬਦਾਂ ਦਾ ਇਸਤੇਮਾਲ ਕਰਦੇ ਹੋਏ ਕਿਹਾ ਕਿ ਇੱਕ ਕੁੜੀ ਲਈ ਚਾਰ-ਚਾਰ ਬਲਿਦਾਨ ਥੋੜ੍ਹੇ ਨਾ ਦਿੱਤੇ ਜਾਣਗੇ। ਉੱਥੇ ਅਜਿਹੀਆਂ ਗੱਲਾਂ ਹੋ ਰਹੀਆਂ ਸਨ।”

ਪੀੜਤਾ ਦੇ ਭਰਾ ਫੈਸਲੇ ਉੱਤੇ ਸਵਾਲ ਚੁੱਕਦੇ ਹੋਏ ਕਹਿੰਦੇ ਹਨ, “ਜੇ ਇਹ ਬੇਕਸੂਰ ਸਾਬਤ ਹੋਏ ਹਨ ਫਿਰ ਢਾਈ ਸਾਲ ਇਨ੍ਹਾਂ ਨੂੰ ਜੇਲ੍ਹ ਵਿੱਚ ਕਿਉਂ ਰੱਖਿਆ ਹੋਇਆ ਸੀ? ਸੀਬੀਆਈ ਦੇ ਵੱਡੀਆਂ-ਵੱਡੀਆਂ ਧਾਰਾਵਾਂ ਵਿੱਚ ਇਲਜ਼ਾਮਾਂ ਨੂੰ ਸਾਬਿਤ ਕਿਉਂ ਨਹੀਂ ਕੀਤਾ?”

ਉਨ੍ਹਾਂ ਨੇ ਕਿਹਾ, “ਪਿਛਲੀ ਤਾਰੀਖ ਤੱਕ ਸਭ ਚੰਗਾ ਚੱਲ ਰਿਹਾ ਸੀ ਪਰ ਇਹ ਅਚਾਨਕ ਹੋਇਆ, ਅਸੀਂ ਤਾਂ ਘਬਰਾ ਗਏ, ਇਨ੍ਹਾਂ ਦੀਆਂ ਸਾਰੀਆਂ ਜ਼ਮਾਨਤਾਂ ਖਾਰਿਜ ਹੋਈਆਂ ਸਨ। ਕਾਨੂੰਨ-ਵਾਨੂਨ ਕੁਝ ਨਹੀਂ ਹੈ। ਇਨਸਾਫ਼ ਤਾਂ ਜਾਤੀ ਵੇਖ ਕੇ ਦਿੱਤਾ ਜਾਂਦਾ ਹੈ।”ਪੀੜਤਾ ਦੇ ਭਰਾ ਆਪਣੀ ਭੈਣ ਦੇ ਡਾਈਂਗ ਡਿਕਲਰੇਸ਼ਨ (ਮੌਤ ਤੋਂ ਠੀਕ ਪਹਿਲਾਂ ਦਿੱਤਾ ਬਿਆਨ) ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ “ਸਾਡੀ ਭੈਣ ਨੇ ਉਨ੍ਹਾਂ ਸਾਰਿਆਂ ਦਾ ਨਾਂ ਲਿਆ ਸੀ।

ਉਹ ਮਜਿਸਟ੍ਰੇਟ ਨੇ ਲਿਖਿਆ ਸੀ, ਤਾਂ ਵੀ ਉਸ ਨੂੰ ਕਿਵੇਂ ਠੁਕਰਾਇਆ ਜਾ ਸਕਦਾ ਹੈ?”ਜਿਸ ਤਰੀਕੇ ਨਾਲ 19 ਸਾਲਾ ਕੁੜੀ ਦਾ ਦੇਰ ਰਾਤ ਵਿੱਚ ਸਸਕਾਰ ਹੋਇਆ ਉਸ ਨੂੰ ਲੈ ਕੇ ਪਰਿਵਾਰ ਇੱਕ ਵਾਰ ਫਿਰ ਸਵਾਲ ਚੁੱਕਦਾ ਹੈ।ਉਨ੍ਹਾਂ ਦੇ ਭਰਾ ਕਹਿੰਦੇ ਹਨ, “ਕਿਸੇ ਦੀ ਦੇਹ ਨੂੰ ਰਾਤ ਦੇ ਢਾਈ ਵਜੇ ਅੱਗ ਕਿਵੇਂ ਲਗਾ ਸਕਦੇ ਹਨ? ਪਰਿਵਾਰ ਦੀ ਇਜਾਜ਼ਤ ਤੋਂ ਬਿਨਾਂ ਅੱਗ ਲਗਾ ਸਦੇ ਹਨ? ਇੱਥੇ ਕਾਨੂੰਨ ਕਿੱਥੇ ਹੈ? ਇਹ ਯੋਗੀ ਰਾਜ ਵਿੱਚ ਕਾਨੂੰਨ ਲਿਖਿਆ ਹੋਇਆ ਹੈ ਕੀ? ਕੀ ਲਵਾਰਿਸ ਸੀ ਕਿਸੇ ਦੀ ਭੈਣ ਜਾਂ ਧੀ?”

ਪਰਿਵਾਰ ਸੁਣਵਾਈ ਦੌਰਨ ਉਨ੍ਹਾਂ ਉੱਤੇ ਅਤੇ ਉਨ੍ਹਾਂ ਦੇ ਵਕੀਲਾਂ ਉੱਤੇ ਦਬਾਅ ਬਣਾਉਣ ਦਾ ਇਲਜ਼ਾਮ ਲਗਾਉਂਦਾ ਹੈ।

ਪੀੜਤਾ ਦਾ ਪਰਿਵਾਰ 24 ਘੰਟੇ ਸੀਆਰਪੀਐੱਫ ਅਤੇ ਉੱਤਰ ਪ੍ਰਦੇਸ਼ ਦੀ ਸੁਰੱਖਿਆ ਦੇ ਘੇਰੇ ਵਿੱਚ ਰਹਿੰਦਾ ਹੈ ਅਤੇ ਬੀਬੀਸੀ ਨੂੰ ਵੀ ਉਨ੍ਹਾਂ ਦੇ ਘਰ ਦੇ ਅੰਦਰ ਜਾ ਕੇ ਗੱਲਬਾਤ ਕਰਨ ਦੀ ਇਜਾਜ਼ਤ ਲੈਣੀ ਪਈ ਸੀ ਅਤੇ ਰਜਿਸਟਰ ਵਿੱਚ ਐਂਟਰੀ ਕਰਨੀ ਪਈ ਸੀ।ਆਪਣੀ ਵਕੀਲ ਸੀਮਾ ਕੁਸ਼ਵਾਹਾ ਦੇ ਬਾਰੇ ਵਿੱਚ ਪਰਿਵਾਰ ਕਹਿੰਦਾ ਹੈ, “ਉਨ੍ਹਾਂ ਨੇ ਆਪਣੀ ਮਿਹਨਤ, ਇਮਾਨਦਾਰੀ ਅਤੇ ਨਿਰਭੈਤਾ ਨਾਲ ਇੱਕ ਧੀ ਨੂੰ ਇਨਸਾਫ਼ ਦਿਵਾਉਣ ਦੀ ਕੋਸ਼ਿਸ਼ ਕੀਤੀ, ਅੱਜ ਉਹ ਵੀ ਇੱਕਦਮ ਨਿਰਾਸ਼ ਹੋ ਗਏ ਹਨ।”

ਸੀਮਾ ਕੁਸ਼ਵਾਹਾ ਇਸ ਮੁਕੱਦਮੇ ਦੀ ਪੈਰਵੀ ਲਈ ਦਿੱਲੀ ਤੋਂ ਹਾਥਰਸ ਆਉਂਦੇ ਸੀ।ਦਲਿਤ ਕੁੜੀ ਦਾ ਕਤਲ ਅਤੇ ਬਲਾਤਕਾਰ ਦੇ ਮਾਮਲੇ ਤੋਂ ਬਾਅਦ ਇਹ ਮਾਮਲਾ ਪੂਰੇ ਦੇਸ਼-ਵਿਦੇਸ਼ ਦੀਆਂ ਸੁਰਖ਼ੀਆਂ ਵਿੱਚ ਛਾਇਆ ਹੋਇਆ ਸੀ। ਸਿਆਸੀ ਪਾਰਟੀਆਂ ਨੇ ਵੀ ਯੋਗੀ ਸਰਕਾਰ ਨੂੰ ਇਸ ਮਾਮਲੇ ਵੱਚ ਘੇਰਨ ਦੀ ਕੋਸ਼ਿਸ਼ ਕੀਤੀ ਸੀ।

ਪਰ ਕੀ ਜੋ ਨੇਤਾ ਉਸ ਸਮੇਂ ਪਰਿਵਾਰ ਦੀ ਹਮਾਇਤ ਵਿੱਚ ਗੱਲਾਂ ਕਰ ਰਹੇ ਸੀ ਉਨ੍ਹਾਂ ਵੱਲੋਂ ਕੋਈ ਪ੍ਰਤੀਕਿਰਿਆ ਆਈ?

ਇਸ ਸਵਾਲ ਜਦੋਂ ਅਸੀਂ ਪਰਿਵਾਰ ਨੂੰ ਪੁੱਛਿਆ ਤਾਂ ਪੀੜਤਾ ਦੀ ਭਾਬੀ ਨੇ ਕਿਹਾ, “ਸਿਆਸਤ ਸਾਡੇ ਮੁਲਜ਼ਮ ਦੇ ਪੱਖ ਵਿੱਚ ਹੋ ਰਹੀ ਹੈ। ਅਸੀਂ ਆਪਣੇ ਦਿਮਾਗ ਨਾਲ ਬੋਲਦੇ ਹਾਂ। ਸਾਨੂੰ ਕੋਈ ਸਿਖਾਉਂਦਾ ਨਹੀਂ ਹੈ। ਦਰਦ ਜਿਸ ਨੂੰ ਹੁੰਦਾ ਹੈ ਉਹ ਚੀਕ ਕੇ ਬੋਲਦਾ ਹੈ ਅਤੇ ਜਿਸ ਨੂੰ ਦਰਦ ਨਹੀਂ ਹੁੰਦਾ ਉਹ ਸਿਆਸੀ ਦਾਅ-ਪੇਚ ਲਾਉਂਦਾ ਹੈ। ਸਾਨੂੰ ਸਿਆਸਤ ਆਉਂਦੀ ਨਹੀਂ ਹੈ।”

ਪਰ ਇਸ ਫੈਸਲੇ ਤੋਂ ਬਾਅਦ ਹੁਣ ਵੀ ਪਰਿਵਾਰ ਅਜਿਹਾ ਹੀ ਸੋਚਦਾ ਹੈ? ਪੀੜਤਾ ਦੀ ਭਾਬੀ ਕਹਿੰਦੇ ਹਨ, “ਅਜੇ ਵੀ ਸਾਨੂੰ ਲਗਦਾ ਹੈ ਕਿ ਦੇਰ ਹੋਈ ਹੈ ਪਰ ਅੰਧੇਰ ਨਹੀਂ ਹੈ। ਜੇ ਇੱਕ ਜਾਨ ਗਈ ਹੈ ਤਾਂ ਇਨ੍ਹਾਂ ਨੂੰ ਸਜ਼ਾ ਭੁਗਤਣੀ ਪੈਣੀ ਹੈ।”

ਪੀੜਤਾ ਦੇ ਭਰਾ ਕਹਿੰਦੇ ਹਨ, ਕਾਤਲਾਂ ਦੇ ਹੌਸਲੇ ਬੁਲੰਦ ਹੋ ਚੁੱਕੇ ਹਨ।ਕਾਤਲਾਂ ਨੂੰ ਖ਼ੁਸ਼ੀ ਮਿਲੀ ਹੈ ਕਿ ਸਾਰਾ ਕੁਝ ਉਨ੍ਹਾਂ ਦੇ ਪੱਖ ਵਿੱਚ ਹੈ।”

ਪੀੜਤਾ ਦੀ ਭਾਬੀ ਕਹਿੰਦੇ ਹਨ, “ਉਨ੍ਹਾਂ ਨੇ ਕੀ ਗੁਆਇਆ ਹੈ? ਉਨ੍ਹਾਂ ਦੀ ਇੱਜ਼ਤ, ਉਨ੍ਹਾਂ ਦਾ ਮਾਣ-ਸਨਮਾਨ, ਕੁਝ ਗਿਆ ਹੈ? ਸਾਡਾ ਨੁਕਸਾਨ ਹੋਇਆ ਹੈ ਨਾ, ਤੁਸੀਂ ਸਾਨੂੰ ਪੁੱਛੋ।”

ਬਰੀ ਹੋਏ ਤਿੰਨ ਮੁਲਜ਼ਮ ਅਲੀਗੜ੍ਹ ਜੇਲ੍ਹ ਤੋਂ ਰਿਹਾਅ ਕਰ ਦਿੱਤੇ ਗਏ। ਬੀਬੀਸੀ ਨੇ ਬਰੀ ਹੋਏ ਮੁਲਜ਼ਮਾਂ ਤੇ ਦੋਸ਼ੀ ਪਾਏ ਗਏ ਸੰਦੀਪ ਦੇ ਪਰਿਵਾਰ ਵਾਲਿਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਪਰ ਪੀੜਤਾ ਦੇ ਗੁਆਂਢ ਵਿੱਚ ਰਹਿਣ ਵਾਲੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿੱਚ ਬੀਬੀਸੀ ਨੇ ਉਨ੍ਹਾਂ ਦੇ ਵਕੀਲ ਮੁੰਨਾ ਸਿੰਘ ਪੁੰਢੀਰ ਨਾਲ ਮੁਲਾਕਾਤ ਕੀਤੀ।ਉਨ੍ਹਾਂ ਕਿਹਾ, “ਪੀੜਤਾ ਦਾ ਪਰਿਵਾਰ ਜੋ ਵੀ ਕਹੇ ਪਰ ਇੱਕ ਸਦਮਾ ਸਾਨੂੰ ਵੀ ਲਗਿਆ ਹੈ। ਇੱਕ ਬੇਕਸੂਰ ਵਿਅਕਤੀ ਨੂੰ ਸਜ਼ਾ ਦਿੱਤੀ ਗਈ। ਕੇਵਲ ਮੀਡੀਆ ਟਰਾਇਲ ਕਾਰਨ।”

“ਅਪੀਲ ਅਸੀਂ ਵੀ ਕਰਾਂਗੇ ਅਤੇ ਪੱਕੇ ਤੌਰ ਉੱਤੇ ਇਸ ਵਿੱਚ ਮੁਲਜ਼ਮ ਬਰੀ ਹੋਵੇਗਾ। ਸਾਰੇ ਸਬੂਤਾਂ ਨੂੰ ਗੌਰ ਕੀਤਾ ਗਿਆ ਹੈ।”

ਮਰਨ ਤੋਂ ਠੀਕ ਪਹਿਲਾਂ ਦਿੱਤੇ ਬਿਆਨ ਦੇ ਬਾਵਜੂਦ ਕੋਰਟ ਨੇ ਮੁਲਜ਼ਮਾਂ ਨੂੰ ਬਰੀ ਕਿਵੇਂ ਕਰ ਦਿੱਤਾ? ਇਸ ਬਾਰੇ ਵਿੱਚ ਮੁੰਨਾ ਸਿੰਘ ਕਹਿੰਦੇ ਹਨ, “ਮਜਿਸਟ੍ਰੇਟ ਨੇ ਰਿਕਾਰਡ ਕੀਤਾ ਸੀ ਪਰ ਇੱਕ ਪਲੇਨ ਪੇਪਰ ਵਿੱਚ ਮਜਿਸਟ੍ਰੇਟ ਨੇ ਆਪਣੀ ਭਾਸ਼ਾ ਵਿੱਚ ਕੁਝ ਚੀਜ਼ਾਂ ਲਿਖ ਦਿੱਤੀਆਂ। ਉਹ ਡਾਈਂਗ ਡਿਕਲਰੇਸ਼ਨ ਥੋੜ੍ਹੀ ਨਾ ਹੋ ਜਾਵੇਗਾ।”

ਪਰ ਪਰਿਵਾਰ ਆਪਣੀ ਧੀ ਨੂੰ ਇਨਸਾਫ਼ ਦਿਵਾਉਣਾ ਚਾਹੁੰਦਾ ਹੈ? ਇਸ ਸਵਾਲ ਵਿੱਚ ਵਕੀਲ ਮੁੰਨਾ ਸਿੰਘ ਪੁੰਡੀਰ ਕਹਿੰਦੇ ਹਨ।ਜਿਸ ਤਰੀਕੇ ਨਾਲ ਪ੍ਰਸ਼ਾਸਨ ਉੱਤੇ ਕੁੜੀ ਦਾ ਦੇਰ ਰਾਤ ਅਤੇ ਬਿਨਾਂ ਪਰਿਵਾਰ ਦੀ ਇਜਾਜ਼ਤ ਦੇ ਅੰਤਿਮ ਸੰਸਕਾਰ ਕਰਵਾਉਣ ਦਾ ਇਲਜ਼ਾਮ ਲਗਾਇਆ, ਕੀ ਅਦਾਲਤ ਨੇ ਉਸ ਚੀਜ਼ ਦਾ ਨੋਟਿਸ ਲਿਆ? ਕੀ ਫੈਸਲੇ ਵਿੱਚ ਉਸ ਦਾ ਜ਼ਿਕਰ ਹੈ?

ਇਸ ਬਾਰੇ ਬਚਾਅ ਪੱਖ ਦੇ ਵਕੀਲ ਮੁੰਨਾ ਸਿੰਘ ਕਹਿੰਦੇ ਹਨ, “ਉਹ ਮੁੱਦਾ ਕੋਰਟ ਦੇ ਸਾਹਮਣੇ ਨਹੀਂ ਸੀ।

ਇੱਥੇ ਇਹ ਤੈਅ ਨਹੀਂ ਹੋਣਾ ਸੀ। ਇਹ ਪ੍ਰਸ਼ਾਸਨ ਦੇ ਖਿਲਾਫ਼ ਉਨ੍ਹਾਂ ਦਾ ਇਲਜ਼ਾਮ ਸੀ, ਇਸ ਦਾ ਮੁਲਜ਼ਮ ਨਾਲ ਕੀ ਲੈਣਾ-ਦੇਣਾ ਹੈ? ਕਿਉਂਕਿ ਮੁਲਜ਼ਮ ਨੇ ਅੰਤਿਮ ਸੰਸਕਾਰ ਨਹੀਂ ਕਰਵਾਇਆ ਸੀ।”ਰੇਪ ਦੀ ਪੁਸ਼ਟੀ ਨਾ ਹੋਣ ਦੇ ਬਾਰੇ ਵਿੱਚ ਵਕੀਲ ਮੁੰਨਾ ਸਿੰਘ ਕਹਿੰਦੇ ਹਨ, “ਮੈਡੀਕਲ ਹੋਇਆ ਸੀ ਪਰ ਉਸ ਵਿੱਚ ਰੇਪ ਦੀ ਪੁਸ਼ਟੀ ਨਹੀਂ ਹੋਈ ਸੀ।”

ਪੀੜਤਾ ਦੇ ਪਰਿਵਾਰ ਦੇ ਮਾਮਲੇ ਵਿੱਚ ਸਿਆਸੀ ਦਬਾਅ ਦੇ ਇਲਜ਼ਾਮਾਂ ਬਾਰੇ ਮੁੰਨਾ ਸਿੰਘ ਪੁੰਢੀਰ ਕਹਿੰਦੇ ਹਨ, “ਕੀ ਕਦੇ ਕੋਈ ਅਦਾਲਤ ਉੱਤੇ ਸਿਆਸੀ ਦਬਾਅ ਚੱਲਦਾ ਹੈ?

ਵਿਧਾਇਕ ਤੇ ਸੰਸਦ ਮੈਂਬਰਾਂ ਨੂੰ ਰੋਜ਼ ਸਜ਼ਾ ਹੋ ਰਹੀ ਹੈ? ਅਦਾਲਤ ਉੱਤੇ ਕੋਈ ਸਿਆਸੀ ਦਬਾਅ ਨਹੀਂ ਹੁੰਦਾ ਹੈ।”

## (ਮੁੱਖ ਪੰਨੇ ਦੀ ਬਾਕੀ)

ਸ਼ਹੀਦੀ ਵਰ੍ਹਾ ਹੈ, ਜਿਨ੍ਹਾਂ ਦੀ ਜ਼ਮੀਨ ‘ਤੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਬਣਿਆ ਹੈ ਅਤੇ ਇਸ ਸ਼ਹੀਦੀ ਸਤਾਬਦੀ ਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਕਮੇਟੀ, ਸਮੂਹ ਸੇਵਾਦਾਰ ਅਤੇ ਸਿੱਖ ਸੰਗਤਾਂ ਕੌਮਾਂਤਰੀ ਪੱਧਰ ‘ਤੇ ਮਨਾਉਣਗੇ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਦਾ ਮੁੱਖ ਉਦੇਸ਼ ਸਿੱਖੀ ਦਾ ਪ੍ਰਚਾਰ ਕਰਨਾ, ਨੌਜਵਾਨਾਂ ਨੂੰ ਸਿੱਖੀ ਦੇ ਸਿਧਾਂਤ ਨਾਲ ਜੋੜਨਾ, ਵਿਰਸੇ ਦੀ ਸੰਭਾਲ ਕਰਨਾ, ਪੰਜਾਬੀ ਬੋਲੀ ਅਤੇ ਗੁਰਮੁਖੀ ਦਾ ਪ੍ਰਸਾਰ ਕਰਨਾ ਹੋਵੇਗਾ।

ਉੱਤਰੀ ਅਮਰੀਕਾ ਦੀ ਸਭ ਤੋਂ ਪੁਰਾਣੀ ਅਤੇ ਇਤਿਹਾਸਕ ਹੈਰੀਟੇਜ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਸਭ ਤੋਂ ਛੋਟੀ ਉਮਰ ਦੇ ਚੁਣੇ ਜਾਣ ਵਾਲੇ ਮੁੱਖ ਸੇਵਾਦਾਰ ਨੌਜਵਾਨ ਭਾਈ ਮਨਿੰਦਰ ਸਿੰਘ ਗਿੱਲ ਨੇ ਕਿਹਾ ਕਿ ਇਸ ਚੋਣ ਮਗਰੋਂ ਕੈਨੇਡਾ ਦੇ ਇਤਿਹਾਸ ਵਿੱਚ ਵਿਰਾਸਤੀ ਗੁਰਦੁਆਰਾ ਸਾਹਿਬ ਦੀ ਸੇਵਾ ਅਤੇ ਪ੍ਰਚਾਰ ਦਾ ਨਵਾਂ ਅਧਿਆਇ ਸ਼ੁਰੂ ਹੋਵੇਗਾ ਤੇ ਸਿੱਖੀ ਪ੍ਰਚਾਰ ਦੀ ਲਹਿਰ ਦੇ ਰੂਪ ਵਿੱਚ ਵੱਡੇ ਪੱਧਰ ‘ਤੇ ਫੈਲਾਇਆ ਜਾਏਗਾ। ਅੱਜ ਦੀ ਚੋਣ ਜਿੱਤਣ ਵਾਲੇ ਸੇਵਾਦਾਰਾਂ ਵਿੱਚ ਮੁੱਖ ਸੇਵਾਦਾਰ ਭਾਈ ਮਨਿੰਦਰ ਸਿੰਘ ਗਿੱਲ, ਉੱਪ-ਪ੍ਰਧਾਨ ਗੁਰਤੇਜ ਸਿੰਘ ਗਿੱਲ, ਸਕੱਤਰ ਰਜਿੰਦਰ ਸਿੰਘ ਗਰੇਵਾਲ, ਰਿਕਾਰਡਿੰਗ ਸਕੱਤਰ ਸੋਹਣ ਸਿੰਘ ਪੰਧੇਰ ਅਤੇ ਹਰਿੰਦਰਪਾਲ ਸਿੰਘ ਤੂਰ, ਖਜ਼ਾਨਚੀ ਅਮਰ ਸਿੰਘ ਧਾਲੀਵਾਲ, ਸਹਾਇਕ ਸਕੱਤਰ ਬਲਿਹਾਰ ਸਿੰਘ ਤੱਖਰ, ਡਰੈਕਟਰ ਜਸਵਿੰਦਰ ਕੌਰ ਗਰੇਵਾਲ, ਹਰਦੀਪ ਸਿੰਘ ਹੈਰੀ, ਹਰਮਨ ਸਿੰਘ ਪੱਡਾ, ਰਜਿੰਦਰ ਕੌਰ ਕੌਰ ਗਿੱਲ, ਰਮਨਦੀਪ ਸਿੰਘ ਬੋਪਾਰਾਏ ਅਤੇ ਹਰਦੀਪ ਸਿੰਘ ਪਰਮਾਰ ਸ਼ਾਮਿਲ ਹਨ। ਇਥੇ ਜ਼ਿਕਰਯੋਗ ਹੈ ਕਿ ਖ਼ਾਲਸਾ ਦੀਵਾਨ ਐਬਸਫੋਰਡ ਦੇ ਵਿਰਾਸਤੀ ਗੁਰਦੁਆਰਾ ਸਾਹਿਬ ਦੀ ਸਥਾਪਨਾ 113 ਵਰ੍ਹੇ ਪਹਿਲਾਂ ਹੋਈ ਸੀ, ਜਿਸ ਨੂੰ ਕੈਨੇਡਾ ਸਰਕਾਰ ਵੱਲੋਂ ‘ਵਿਰਾਸਤ ਅਸਥਾਨ’ ਦਾ ਦਰਜਾ ਦਿੱਤਾ ਗਿਆ ਹੈ।

*MORTGAGES
FOR UPTO
50 MILLION
IS AVAILABLE FOR LARGE PROJECTS
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Plus
Professional Mortgage Consultants
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC

Yes, Private Mortgages Start from 8.25% for a limited time*
Foreclosure?, we can help.
QUICK & EASY APPROVALS



# .Ck Auto.

BUY 4 TIRES & GET
ALLIGNMENT AT 1/2 PRICE
FLAT TYRE REPAIR FREE

40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

NEW

## CK AUTO SERVICES LTD.

Clearance Sale
*Limited Quantity

On All Seasons & Winter Tires
(Auplus & Comforser)




| 215/70R16 COMFORSER | 235/65R17 COMFORSER |
|---|---|
| Reg: ~~$155.00~~ | Reg: ~~$220.00~~ |
| Now : $70.00 | Now : $95.00 |

| 245/65R17 COMFORSER | 215/70R15 GOOD YEAR INTEGRITY |
|---|---|
| Reg: ~~$240.00~~ | Reg: ~~$120.00~~ |
| Now : $100.00 | Now : $90.00 |

SALE

**Comforser**
Size: 205/60/16
Reg Price: ~~$110~~
Sale Price : $55

**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey



# NEXTRUX TRANSPORT LTD

## DRIVERS WANTED/ਡਰਾਈਵਰਾਂ ਦੀ ਲੋੜ

- Driver & Owner Operators wanted
- US and Canada Wide
- Dedicated Drivers Required
- All facilities available



- ਡਰਾਈਵਰਾਂ ਅਤੇ ਓਨਰ ਉਪਰੇਟਰ ਦੀ ਲੋੜ ਹੈ
- ਓਨਰ ਉਪਰੇਟਰ ਪਰ ਮੀਲ ਅਤੇ ਰੇਵਿਨਊ ਤੇ ਕੰਮ ਕਰ ਸਕਦੇ ਹਨ
- ਪੂਰੇ ਅਮਰੀਕਾ ਅਤੇ ਕੈਨੇਡਾ ਵਿੱਚ ਕੰਮ
- ਸਾਰੀਆਂ ਸਹੂਲਤਾਂ ਉਪਲੱਬਧ ਹਨ

Phone : 604-503-3338 / FAX : 1844-269-9722 EMAIL:info@nextrux.com

Add#111, 6638 152A Street, Surrey BC, V3S 5X5

ਸ੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

ਸ੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

# SHRI GURU RAVIDASS SABHA VANCOUVER

7271 Gilley Ave, Burnaby, BC V5J 4W9 | Tel: 604-435-9997 | Fax: 604-435-7771

Web: www.gururavidasssabha.org Email: info@gururavidasssabha.net



# ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਬਰਨਬੀ ਦਾ ਨੀਂਹ ਪੱਥਰ 18 ਮਾਰਚ 2023 ਨੂੰ ਰੱਖਿਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਬਰਨਬੀ ਦਾ ਨੀਂਹ ਪੱਥਰ 18 ਮਾਰਚ, 2023 ਦਿਨ ਸ਼ਨੀਵਾਰ ਨੂੰ ਸ਼ਾਮ 4 ਵਜੇ ਬੀ ਸੀ ਦੇ ਪ੍ਰੀਮੀਅਰ ਮਾਨਯੋਗ ਡੈਵਿਡ ਐਬੀ ਵੱਲੋਂ ਰੱਖਿਆ ਜਾਵੇਗਾ। ਸਮੂੰਹ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਸ਼ੁੱਭ ਮੌਕੇ ਪ੍ਰੀਵਾਰਾਂ ਸਮੇਤ ਪਹੁੰਚ ਕੇ ਧੰਨਵਾਦੀ ਬਣਾਉ ਜੀ। ਇਸ ਪਾਵਨ ਮੌਕੇ ਤੇ ਰੱਖੇ ਗਏ ਸਹਿਜਪਾਠ ਸਾਹਿਬ ਦੇ ਭੋਗ 18 ਮਾਰਚ ਦਿਨ ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਲੰਗਰ ਅਤੇ ਦੇਗਾਂ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ।

ਅਸੀਂ ਆਪਣੇ ਰਹਿਬਰਾਂ ਗੁਰੂਆਂ ਅਤੇ ਬਜੁਰਗਾਂ ਦੇ ਦਰਸਾਏ ਹੋਏ ਮਾਰਗਾਂ ਤੇ ਚਲਦੇ ਹੋਏ ਅੱਗੇ ਵੱਧ ਰਹੇ ਹਾਂ। ਸਾਡੇ ਸਾਂਝੇ ਅਸਥਾਨ ਸਾਡੀ ਕਮਿਊਨਟੀ ਦੇ ਮਸਲਿਆਂ ਨੂੰ ਹੱਲ ਕਰਨ ਅਤੇ ਭਾਈਚਾਰਕ ਸਾਂਝ ਬਣਾਉਣ ਲਈ ਮੰਚ ਪ੍ਰਦਾਨ ਕਰਦੇ ਹਨ।

ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਸਾਡੇ ਆਪਣੇ ਮੈਂਬਰਾਂ ਅਤੇ ਕਮਿਊਨਿਟੀ ਦੀਆਂ ਵਧਦੀਆਂ ਅਤੇ ਵਿਕਸਿਤ ਹੋ ਰਹੀਆਂ ਲੋੜਾਂ ਨੂੰ ਪੂਰਾ ਕਰਨ ਲਈ ਇਕ ਬਹੁ-ਉਦੇਸ਼ੀ ਕੰਪਲੈਕਸ ਹੋਵੇਗੀ।

**ਸਮੁੱਚੇ ਭਾਈਚਾਰੇ ਨੂੰ ਇਸ ਸ਼ੁੱਭ ਮੌਕੇ ਤੇ ਸ਼ਾਮਲ ਹੋਣ ਅਤੇ ਤਨ-ਮਨ-ਧਨ ਨਾਲ ਸੇਵਾ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।**

## Ground Breaking Ceremony of Shri Guru Ravidass Sabha on March 18 (Saturday) at 4 pm by Hon. Premier David Ebby

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਪਤੇ, ਫੋਨ ਨੰਬਰ ਅਤੇ ਈਮੇਲ ਬਦਲ ਗਏ ਹਨ, ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਨੋਟ ਕਰਵਾ ਦਿਉ ਜੀ।

ਲੰਗਰ, ਵਿਆਹ ਸ਼ਾਦੀ, ਅਖੰਡ ਪਾਠ ਸਾਹਿਬ, ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ ਬੁਕਿੰਗ ਕਰਵਾਉਣ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

**TO BOOK PROGRAMS OR GURDWARA SEVA AND OTHER INFORMATION PLEASE CONTACT: 604-435-9997**

ਅਸੀਂ ਗੁਰੂ ਰਵਿਦਾਸ ਸਭਾ 'ਚ ਲੰਗਰ ਸੇਵਾ ਲੈਣ ਲਈ ਕਮਿਊਨਿਟੀ/ਸੰਗਤ ਨੂੰ ਬੇਨਤੀ ਕਰਦੇ ਹਾਂ। ਲੰਗਰ ਸੇਵਾ ਦੇ ਦਿਨਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਲੈਣ ਲਈ ਕ੍ਰਿਪਾ ਸੰਪਰਕ ਕਰੋ:

**President**
BILL BASRA 604-725-4048
*Vice Presidents:*
*HUKAM CHAND 604-364-7890*
*2nd Vice Presidents:*
*PARMJIT S. KAINTH 604-773-9393*

**General Secretary**
GURMUKH SINGH SIDHU
778-898-6813
*Assistant Secretary:*
*ARONJIT LAGERI 778-251-2138*


**Treasurer**
HARBHAJAN LAL MAHEY
604-724-5333
*Assistant Treasurer:*
*RAJKUMAR BANGER 778-227-2459*

**BOARD OF DIRECTORS:**
*Harvinder Lalli*
*Parmjeet Saroya*
*Surinder Kalsi*
*Santokh Ram Jassal*
*Rajesh Kumar Toora*
*Balmukand Singh*

**BOARD OF TRUSTEES**
*Gurbaksh Singh Dhanda*
*Harjinder Singh Sahni*
*Sudarshan Kumar Ardhawa*
*Makhan Ram Chamba*
*Shingara Ram Aujla*
*Piara Singh Hira*
*Prem Nath Mall*

## ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਸਰਦਾਰਨੀ ਜਸਵੰਤ ਕੌਰ ਹੇਹਰ ਸਵਰਗਵਾਸ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਜਸਵੰਤ ਕੌਰ ਹੇਹਰ ਸੁਪਤਨੀ ਸ. ਦੀਦਾਰ ਸਿੰਘ ਹੇਹਰ (ਸੈਕਟਰੀ) ਜਿਹਨਾਂ ਦਾ ਪਿਛਲਾ ਪਿੰਡ ਫੇਰੂਰਾਂਈ ਜ਼ਿਲ੍ਹਾ ਲੁਧਿਆਣਾ ਅਤੇ ਪੇਕਾ ਪਿੰਡ ਦੀਵਾਨੇ ਜ਼ਿਲ੍ਹਾ ਬਰਨਾਲਾ ਸੀ, 3 ਮਾਰਚ ਨੂੰ ਅਕਾਲ ਚਲਾਣਾ ਕਰ ਗਏ ਹਨ। ਇਹਨਾਂ ਦਾ ਅੰਤਿਮ ਸਸਕਾਰ 19 ਮਾਰਚ ਦਿਨ ਐਤਵਾਰ ਨੂੰ ਰਿਵਰਸਾਈਡ ਫਿਊਨਰਲ ਹੋਮ ਐਂਡ ਕਰੈਮਿਟੋਰੀਅਮ (ਡੈਲਟਾ) ਵਿਖੇ ਸ਼ਾਮ 3 ਵਜੇ ਕੀਤਾ ਜਾਏਗਾ। ਇਸ ਉਪਰੰਤ ਅੰਤਿਮ ਅਰਦਾਸ ਅਤੇ ਸਹਿਜਪਾਠ ਦੇ ਭੋਗ ਗੁਰਦੁਆਰਾ ਸਿੰਘ ਸਭਾ ਸਰੀ 8115-132 ਸਟਰੀਟ ਸਰੀ ਵਿਖੇ ਸ਼ਾਮ 4.30 ਵਜੇ ਪਾਏ ਜਾਣਗੇ।

## ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ

### ਕਰਮਜੀਤ ਕੌਰ ਦਿਉਲ (ਸਪੁੱਤਰੀ):778-885-4005

### ਰੁਪਿੰਦਰ ਸਿੰਘ ਦਿਓਲ (ਰੱਪਾ) (ਦਾਮਾਦ):236-632-1345

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

## 30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



# ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*10 ਮਾਰਚ ਦਿਨ ਸ਼ੁੱਕਰਵਾਰ ਨਾਗਪਾਲ ਪਰਿਵਾਰ ਵੱਲੋਂ ਗੁਰੂਘਰ ਵਿਖੇ ਅਖੰਡਪਾਠ ਸਾਹਿਬ ਦੀ ਆਰੰਭਤਾ ਹੋਵੇਗੀ।

*11 ਮਾਰਚ ਦਿਨ ਸ਼ਨਿਚਰਵਾਰ ਲਵਪ੍ਰੀਤ ਕੌਰ ਪਰਿਵਾਰ ਵੱਲੋਂ ਗੁਰੂਘਰ ਵਿਖੇ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਦੀ ਸੇਵਾ ਹੋਵੇਗੀ।

*12 ਮਾਰਚ ਦਿਨ ਐਤਵਾਰ ਨਾਗਪਾਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਕੀਰਤਨ ਦੀ ਸੇਵਾ ਹੋਵੇਗੀ।

*12 ਮਾਰਚ ਦਿਨ ਐਤਵਾਰ ਗੁਰੂਘਰ ਵਿਖੇ ਮਾਤਾ ਮਹਿੰਦਰ ਕੌਰ ਥਿੰਦ ਨਮਿਤ ਪਾਠ ਦੇ ਭੋਗ ਅਤੇ ਅੰਤਮ ਅਰਦਾਸ ਸਵੇਰੇ 11.15 ਵਜੇ ਹੋਵੇਗੀ।

*12 ਮਾਰਚ ਦਿਨ ਐਤਵਾਰ ਗੁਰੂਘਰ ਵਿਖੇ ਭਗਵੰਤ ਕੌਰ ਗਿੱਲ ਨਮਿਤ ਪਾਠ ਦੇ ਭੋਗ ਅਤੇ ਅੰਤਮ ਅਰਦਾਸ ਦੁਪਹਿਰ 2.30 ਵਜੇ ਹੋਵੇਗੀ।

*12 ਮਾਰਚ ਦਿਨ ਐਤਵਾਰ ਮਨਜੀਤ ਸਿੰਘ ਸੰਘੇੜਾ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਗੈਲਰੀ ਹਾਲ ਵਿਖੇ ਸਵੇਰੇ 10.30 ਵਜੇ ਪਾਏ ਜਾਣਗੇ।

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥਾ:ਭਾਈ ਕੇਵਲ ਸਿੰਘ ਬਠਿੰਡਾ ਦਾ ਜਥਾ

*ਕਥਾ ਵਾਚਕ -ਭਾਈ ਬਲਜੀਤ ਸਿੰਘ ਗੁਰਦਾਸਪੁਰੀ *ਢਾਡੀ ਜਥਾ:ਏਕਬਲਜੋਤ ਸਿੰਘ ਇਆਲੀ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274, ਕਮਲਪ੍ਰੀਤ ਸਿੰਘ (ਲਾਂਗਰੀ)

# ਪੰਜਾਬ ਨੂੰ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਹਮੇਸ਼ਾਂ ਹੀ ਚਾਹੀਦਾ ਹੋਵੇਗਾ

ਰਾਅ ਦੇ ਸਾਬਕਾ ਮੁਖੀ ਅਮਰਜੀਤ ਦੁੱਲਤ ਨੇ ਅਪਣੀ ਕਿਤਾਬ ਜਾਰੀ ਕਰਦੇ ਹੋਏ ਪੰਜਾਬ ਤੇ ਕਸ਼ਮੀਰ ਵਿਚ ਕੀਤੇ ਕੰਮਾਂ ਬਾਰੇ ਕੁੱਝ ਯਾਦਾਂ ਸਾਂਝੀਆਂ ਕੀਤੀਆਂ ਜਿਨ੍ਹਾਂ ਦੇ ਆਧਾਰ ਤੇ ਕੁੱਝ ਨਤੀਜੇ ਵੀ ਕੱਢੇ ਪਰ ਲਗਦਾ ਹੈ, ਉਹ ਰਾਹੁਲ ਗਾਂਧੀ ਵਾਂਗ ਹੀ ਪੰਜਾਬ ਦੀ ਅਸਲ ਲੋੜ ਤੇ ਇਥੋਂ ਦੇ ਸਭਿਆਚਾਰ ਨੂੰ ਸਮਝ ਨਹੀਂ ਸਕੇ। ਉਨ੍ਹਾਂ ਮੁਤਾਬਕ ਪੰਜਾਬ ਨੂੰ ਸਾਂਭਣ ਲਈ ਬੜੀ ਹਮਦਰਦੀ ਦੀ ਲੋੜ ਹੈ ਤੇ ਉਨ੍ਹਾਂ ਨੇ ਵੀ ਉਹੀ ਅਲਫ਼ਾਜ਼ ਦੋਹਰਾਏ ਜਿਹੜੇ ਸ਼ਬਦ ਰਾਹੁਲ ਗਾਂਧੀ ਨੇ ਵਰਤਦਿਆਂ ਕਿਹਾ ਸੀ ਕਿ, 'ਪੰਜਾਬ ਨੂੰ ਪੰਜਾਬ 'ਚੋਂ ਹੀ ਚਲਾਇਆ ਜਾਣਾ ਚਾਹੀਦਾ ਹੈ' ਤੇ ਦੂਜਾ ਕਿ 'ਪੰਜਾਬ ਦੀ ਅਗਵਾਈ ਜੱਟ ਸਿੱਖ ਨੂੰ ਹੀ ਦੇਣੀ ਚਾਹੀਦੀ ਹੈ।

ਪੰਜਾਬ ਦੀ ਗੱਲ ਛੱਡੋ, ਅੱਜ ਤਕਰੀਬਨ ਸਾਰੇ ਦੇਸ਼ ਦੇ ਸੂਬੇ ਹੀ ਅਪਣੇ ਉਤੇ ਆਪ ਰਾਜ ਕਰਨਾ ਚਾਹੁੰਦੇ ਹਨ ਤੇ ਕੇਂਦਰੀ ਲੀਡਰਾਂ ਦਾ ਦਖ਼ਲ ਨਹੀਂ ਮੰਗਦੇ। ਉਤਰ ਪੂਰਬ ਦੇ ਤਿੰਨ ਰਾਜਾਂ ਦੇ ਚੋਣ ਨਤੀਜਿਆਂ ਵਿਚ ਭਾਜਪਾ ਦੀ ਨਹੀਂ ਬਲਕਿ ਖੇਤਰੀ ਪਾਰਟੀਆਂ ਦੀ ਜਿੱਤ ਹੋਈ ਸਾਫ਼ ਵੇਖੀ ਜਾ ਸਕਦੀ ਹੈ। ਉਨ੍ਹਾਂ ਨੇ ਭਾਜਪਾ ਤੇ ਕਾਂਗਰਸ ਨੂੰ ਅਪਣਾ ਸਹਾਰਾ ਦੇ ਕੇ ਸਿਆਸਤ ਵਿਚ ਅਪਣੀ ਹੋਂਦ ਬਚਾਉਣ ਦਾ ਯਤਨ ਕਰਨ ਵਾਸਤੇ ਮਜਬੂਰ ਕਰ ਦਿਤਾ ਤੇ ਇਹੀ ਆਵਾਜ਼ ਉੜੀਸਾ, ਕੇਰਲ, ਬੰਗਾਲ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੋਂ ਆ ਰਹੀ ਹੈ, ਜਿਥੇ ਖੇਤਰੀ ਪਾਰਟੀਆਂ ਹੀ ਸੂਬਿਆਂ ਦੀ ਆਵਾਜ਼ ਬਣ ਰਹੀਆਂ ਹਨ। ਸੋ ਇਹ ਗੱਲ ਪੰਜਾਬ ਵਾਸਤੇ ਹੀ ਨਹੀਂ ਬਲਕਿ ਹਰ ਸੂਬੇ ਵਾਸਤੇ ਸੱਚ ਸਾਬਤ ਹੋਵੇਗੀ ਤੇ ਉਹ ਵਕਤ ਜ਼ਰੂਰ ਆਵੇਗਾ ਜਦ ਰਾਸ਼ਟਰੀ ਪਾਰਟੀਆਂ ਅਪਣੇ ਸੂਬਾਈ ਭਾਈਵਾਲਾਂ ਦੀ ਕਦਰ ਕਰਨੀ ਸਿਖ ਜਾਣਗੀਆਂ ਤੇ ਇਲਾਕਾਈ ਪਾਰਟੀਆਂ ਨਾਲ ਪਾਈ ਸਾਂਝ ਨੂੰ ਸਹੀ ਤਰੀਕੇ ਨਾਲ ਨਿਭਾਉਣਾ ਸਿਖ ਜਾਣਗੇ।

ਭਾਜਪਾ-ਅਕਾਲੀ ਭਾਈਵਾਲੀ ਦੀ ਸੋਚ ਸਹੀ ਸੀ ਪਰ ਕਮਜ਼ੋਰੀ ਪੰਜਾਬ ਦੀ ਖੇਤਰੀ ਪਾਰਟੀ ਵਿਚ ਰਹੀ ਜਿਸ ਨੇ ਕੇਂਦਰ ਦੀ ਸੱਤਾ ਨੂੰ ਪ੍ਰਵਾਰਕ ਫ਼ਾਇਦੇ ਵਾਸਤੇ ਵਰਤਿਆ ਨਾ ਕਿ ਰਾਜ ਦੇ ਫ਼ਾਇਦੇ ਵਾਸਤੇ। ਗੱਲ ਰਹੀ ਹਮਦਰਦੀ ਦੀ ਤਾਂ ਹਮਦਰਦੀ ਦੇ ਪਾਤਰ ਸਾਰੇ ਹੀ ਨਾਗਰਿਕ ਹਨ ਪਰ ਹਾਂ ਪੰਜਾਬ ਦੇ ਲੋਕ ਕਿਸੇ ਸਾਹਮਣੇ ਝੁਕਣ ਦੀ ਸੋਚ ਨਹੀਂ ਰਖਦੇ ਤੇ ਰਾਹੁਲ ਗਾਂਧੀ ਨੇ ਭਾਵੇਂ ਘੱਟ ਗਿਣਤੀਆਂ ਦਾ ਮੁੱਦਾ ਚੁਕਣ ਬਾਰੇ ਸੋਚਿਆ ਪਰ ਇਹ ਕਹਿਣਾ ਸਹੀ ਨਹੀਂ ਕਿ ਸਿੱਖ ਦੂਜੇ ਦਰਜੇ ਦੇ ਨਾਗਰਿਕ ਹਨ। ਕੁੱਝ ਸੱਤਾ ਤੇ ਦੌਲਤ ਦੇ ਲਾਲਚੀ ਪੰਜਾਬੀ ਜੇ ਤਾਕਤ ਅੱਗੇ ਝੁੱਕ ਜਾਣ ਤਾਂ ਸਾਰੀ ਪੰਜਾਬੀਅਤ ਕਮਜ਼ੋਰ ਨਹੀਂ ਹੋ ਜਾਂਦੀ।

ਹਾਂ, ਅੱਜ ਖਤਰਾ ਜ਼ਰੂਰ ਹੈ ਕਿਉਂਕਿ ਜਦ ਵਾਰ ਵਾਰ ਹਿੰਦੂ ਰਾਸ਼ਟਰ ਦੀ ਗੱਲ ਸਰਕਾਰ ਦੇ ਆਗੂ ਕਰਦੇ ਹਨ ਤਾਂ ਘੱਟ ਗਿਣਤੀਆਂ ਦੇ ਭਵਿਖ ਬਾਰੇ ਖ਼ਤਰਾ ਵਧ ਜਾਂਦਾ ਹੈ। ਪਰ ਦੂਜੇ ਦਰਜੇ ਦੇ ਨਾਗਰਿਕ ਤੇ ਕਿਸੇ ਸਿਆਸੀ ਧੜੇ ਦੀ ਸੌੜੀ ਸੋਚ ਵਿਚ ਅੰਤਰ ਹੈ। ਸੰਵਿਧਾਨ ਵਿਚ ਅਜੇ ਅਸੀਂ ਬਰਾਬਰ ਹਾਂ ਤੇ ਅਪਣੇ ਹੱਕਾਂ ਵਾਸਤੇ ਆਵਾਜ਼ ਚੁਕਣੀ ਸਾਨੂੰ ਖ਼ੂਬ ਆਉਂਦੀ ਹੈ। ਸੋ ਇਹ ਖ਼ਿਤਾਬ ਕਬੂਲ ਨਹੀਂ ਭਾਵੇਂ ਇਹ ਹਮਦਰਦੀ ਵਜੋਂ ਹੀ ਆਖਿਆ ਗਿਆ ਹੋਵੇ।

ਰਹੀ ਗੱਲ ਇਹ ਕਿ ਇਸ ਸੂਬੇ ਦਾ ਮੁੱਖ ਮੰਤਰੀ ਜੱਟ ਸਿੱਖ ਹੋਣਾ ਜ਼ਰੂਰੀ ਹੈ, ਇਹ ਸੋਚ ਕੇਂਦਰ ਵਲੋਂ ਤੈਅ ਕੀਤੀ ਗਈ ਸੀ ਜਦੋਂ ਪ੍ਰਤਾਪ ਸਿੰਘ ਕੈਰੋਂ ਨੂੰ ਅਪਣਾ ਮੋਹਰਾ ਬਣਾ ਕੇ ਮੁੱਖ ਮੰਤਰੀ ਬਣਾਉਣ ਦੀ ਖੇਡ ਸ਼ੁਰੂ ਕੀਤੀ ਗਈ ਸੀ ਤਾਕਿ ਸਿੱਖਾਂ ਦੀ ਅਸਲ ਤਾਕਤ ਨੂੰ ਵੰਡੀਆਂ ਪਾ ਕੇ ਕਮਜ਼ੋਰ ਕੀਤਾ ਜਾਵੇ ਤੇ ਪੰਜਾਬ ਨਾਲ ਕੀਤੇ ਵਾਅਦੇ ਪੂਰੇ ਕੀਤੇ ਬਿਨਾਂ, ਉਸ ਨੂੰ ਸਿਆਸੀ ਤੌਰ ਤੇ ਅਪਾਹਜ ਬਣਾਇਆ ਜਾਏ। ਅੱਜ ਪੰਜਾਬ ਵਿਚ ਸਾਰੇ ਧਰਮਾਂ ਵਾਲੇ ਬਾਬੇ ਨਾਨਕ ਨੂੰ ਮੰਨਦੇ ਹਨ ਜਿਨ੍ਹਾਂ ਨੇ ਸਿੱਖੀ ਨੂੰ ਜਾਤ ਪਾਤ ਤੋਂ ਦੂਰ ਕੀਤਾ ਸੀ।ਤੇ ਜੇ ਅਸਲ ਵਿਚ ਪੰਜਾਬ ਨੂੰ ਕੇਂਦਰ ਤੋਂ ਸਚਮੁਚ ਆਜ਼ਾਦ ਕਰਨਾ ਹੈ ਤਾਂ ਆਗੂ ਨੂੰ ਉਸ ਦੀ ਕਾਬਲੀਅਤ ਮੁਤਾਬਕ ਅੱਗੇ ਲਿਆਉਣ ਦੀ ਸੋਚ ਅਪਣਾਉਣੀ ਪਵੇਗੀ, ਭਾਵੇਂ ਉਹ ਸਿੱਖ ਹੋਵੇ ਜਾਂ ਹਿੰਦੂ ਜਾਂ ਖਤਰੀ ਜਾਂ ਜੱਟ ਜਾਂ ਸੂਚੀ ਦਰਜ ਜਾਤੀਆਂ ਵਿਚੋਂ। ਬਸ ਉਹ ਪੰਜਾਬ ਦਾ ਸ਼ੁਭ ਚਿੰਤਕ, ਕਿਰਤ ਦੀ ਕਮਾਈ ਕਰਨ ਵਾਲਾ, ਧਰਮ ਤੇ ਜਾਤ ਦੇ ਵਖਰੇਵੇਂ ਨੂੰ ਭੁੱਲ ਕੇ ਰਾਜ ਕਰਨ ਵਾਲਾ ਹੋਵੇ - ਮਹਾਰਾਜਾ ਰਣਜੀਤ ਸਿੰਘ ਵਰਗਾ। ਉਸ ਦੇ ਕਿਰਦਾਰ ਵਿਚ ਸੂਝ ਤੇ ਸਿਆਣਪ, ਔਰਤਾਂ ਵਾਸਤੇ ਸਤਿਕਾਰ ਹੋਵੇ, ਤਾਂ ਉਹ ਪੰਜਾਬ ਦਾ ਸਹੀ ਆਗੂ ਸਾਬਤ ਹੋਵੇਗਾ। - ਨਿਮਰਤ ਕੌਰ

# ਸੱਚਾਈ ਫਰਜ਼ੀ ਖਬਰਾਂ ਦਾ ਸ਼ਿਕਾਰ ਹੋ ਗਈ:ਚੀਫ ਜਸਟਿਸ

ਨਵੀਂ ਦਿੱਲੀ: ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਡੀਵਾਈ ਚੰਦਰਚੂੜ ਨੇ ਕਿਹਾ ਕਿ ਫਰਜ਼ੀ ਖ਼ਬਰਾਂ ਦੇ ਦੌਰ ਵਿੱਚ ਸੱਚਾਈ 'ਪੀੜਤ' ਬਣ ਗਈ ਹੈ।ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਚੀਫ਼ ਜਸਟਿਸ ਡੀਵਾਈ ਚੰਦਰਚੂੜ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਕਈ ਵਾਰ ਜੋ ਕਿਹਾ ਜਾਂ ਸੁਣਿਆ ਜਾਂਦਾ ਹੈ, ਉਸ ਦੀ ਕਦੇ ਵੀ ਤਰਕ ਦੇ ਆਧਾਰ 'ਤੇ ਪੁਸ਼ਟੀ ਨਹੀਂ ਕੀਤੀ ਜਾ ਸਕਦੀ।ਉਨਾ ਕਿਹਾ ਕਿ ਅੱਜ ਅਸੀਂ ਅਜਿਹੇ ਯੁੱਗ ਵਿੱਚ ਰਹਿ ਰਹੇ ਹਾਂ ਜਿੱਥੇ ਲੋਕਾਂ ਵਿੱਚ ਧੀਰਜ ਅਤੇ ਸਹਿਣਸ਼ੀਲਤਾ ਦੀ ਘਾਟ ਹੈ ਕਿਉਂਕਿ ਉਹ ਕਿਸੇ ਅਜਿਹੇ ਦ੍ਰਿਸ਼ਟੀਕੋਣ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ ਜੋ ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਵੱਖਰਾ ਹੋਵੇ।ਉਨ੍ਹਾਂ ਕਿਹਾ, 'ਫਰਜ਼ੀ ਖ਼ਬਰਾਂ ਦੇ ਦੌਰ ਵਿੱਚ 'ਸੱਚ' ਸ਼ਿਕਾਰ ਹੋ ਗਿਆ ਹੈ।

ਜਸਟਿਸ ਚੰਦਰਚੂੜ ਨੇ ਕਿਹਾ ਕਿ ਭਾਰਤੀ ਸੰਵਿਧਾਨ ਵਿਸ਼ਵੀਕਰਨ ਦੀ ਇੱਕ ਪ੍ਰਮੁੱਖ ਉਦਾਹਰਣ ਹੈ ਅਤੇ ਇਹ ਵਿਸ਼ਵੀਕਰਨ ਦੇ ਦੌਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਦਾ ਹੈ।ਉਨ੍ਹਾਂ ਕਿਹਾ ਕਿ ਜਦੋਂ ਸੰਵਿਧਾਨ ਦਾ ਖਰੜਾ ਤਿਆਰ ਕੀਤਾ ਗਿਆ ਸੀ ਤਾਂ ਇਸ ਦੇ ਨਿਰਮਾਤਾਵਾਂ ਨੂੰ ਸ਼ਾਇਦ ਇਹ ਨਹੀਂ ਪਤਾ ਸੀ ਕਿ ਮਨੁੱਖਤਾ ਕਿਸ ਦਿਸ਼ਾ ਵਿੱਚ ਵਿਕਾਸ ਕਰੇਗੀ।ਉਸਨੇ ਕਿਹਾ, ਉਸ ਸਮੇਂ ਕੋਈ ਇੰਟਰਨੈਟ ਨਹੀਂ ਸੀ।ਸਾਡੇ ਕੋਲ ਯਕੀਨੀ ਤੌਰ 'ਤੇ ਸੋਸ਼ਲ ਮੀਡੀਆ ਨਹੀਂ ਸੀ।









# ਭਾਰਤੀ ਜਨਤਾ ਪਾਰਟੀ ਦੀ ਮੌਜੂਦਾ ਸਰਕਾਰ ਮੁਸਲਿਮ ਮਾਰੂ ਨੀਤੀ 'ਤੇ ਚੱਲ ਰਹੀ ਹੈ:ਬੁੱਧੀਜੀਵੀ

## ਭਾਰਤੀ ਸਿਵਲ ਸੋਸਾਇਟੀ ਨੇ ਕਸ਼ਮੀਰ ਦੇ ਲੋਕਾਂ ਨੂੰ ਮੁਸ਼ਕਲਾਂ ਵਿਚੋਂ ਕੱਢਣ ਵਿਚ ਮੱਦਦ ਕਰਨ ਦੀ ਅਪੀਲ ਕੀਤੀ

ਨਵੀਂ ਦਿੱਲੀ:- ਪ੍ਰੈੱਸ ਕਲੱਬ ਆਫ ਇੰਡੀਆ ਨਵੀਂ ਦਿੱਲੀ ਵਿਖੇ ਸਿਆਸੀ ਨਜ਼ਰਬੰਦਾਂ ਦੇ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੱਤਰਕਾਰਾਂ ਅਤੇ ਕਾਨੂੰਨੀ ਮਾਹਿਰਾਂ ਤੋਂ ਇਲਾਵਾ ਕਈ ਸਿਆਸੀ ਅਤੇ ਸਮਾਜਿਕ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ।ਉਨ੍ਹਾਂ ਸੈਮੀਨਾਰ ਵਿੱਚ ਦੱਸਿਆ ਕਿ ਕਿਸ ਤਰ੍ਹਾਂ ਜੰਮੂ-ਕਸ਼ਮੀਰ ਦੇ ਲੋਕਾਂ ਦੇ ਅਧਿਕਾਰਾਂ 'ਤੇ ਹਮਲੇ ਕੀਤੇ ਜਾ ਰਹੇ ਹਨ, ਉਨ੍ਹਾਂ ਕਿਹਾ ਕਿ 5 ਅਗਸਤ 2019 ਤੋਂ ਬਾਅਦ ਕਸ਼ਮੀਰ ਦੇ ਲੋਕਾਂ ਦੇ ਸਿਆਸੀ, ਜਮਹੂਰੀ ਅਤੇ ਆਰਥਿਕ ਅਧਿਕਾਰ ਖੋਹੇ ਜਾ ਰਹੇ ਹਨ।ਉਨ੍ਹਾਂ ਭਾਰਤ ਦੀ ਸਿਵਲ ਸੁਸਾਇਟੀ ਨੂੰ ਅਪੀਲ ਕੀਤੀ ਕਿ ਉਹ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਮੁਸ਼ਕਿਲਾਂ ਅਤੇ ਦੁੱਖਾਂ ਵਿੱਚੋਂ ਕੱਢਣ ਲਈ ਆਪਣੀ ਅਹਿਮ ਭੂਮਿਕਾ ਨਿਭਾਉਣ।ਭਾਰਤੀ ਸੰਸਦ ਮੈਂਬਰ ਪ੍ਰੋਫੈਸਰ ਮਨੋਜ ਝਾਅ, ਭਾਰਤ ਦੇ ਸਾਬਕਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ, ਸਾਬਕਾ ਸੰਸਦ ਮੈਂਬਰ ਮੁਹੰਮਦ ਅਦੀਬ ਅਤੇ ਕੇਸੀ ਤਿਆਗੀ ਅਤੇ ਪ੍ਰਸਿੱਧ ਪੱਤਰਕਾਰ ਅਤੇ ਸਮਾਜਿਕ ਕਾਰਕੁਨ ਯੋਗੇਂਦਰ ਯਾਦਵ ਨੇ ਵੀ ਸੰਬੋਧਨ ਕੀਤਾ।

ਬੁਲਾਰਿਆਂ ਨੇ ਆਪਣੇ ਭਾਸ਼ਣਾਂ ਵਿੱਚ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਮੌਜੂਦਾ ਸਰਕਾਰ ਮੁਸਲਿਮ ਮਾਰੂ ਨੀਤੀ 'ਤੇ ਚੱਲ ਰਹੀ ਹੈ ਅਤੇ ਵੱਡੀ ਗਿਣਤੀ ਵਿੱਚ ਮੁਸਲਿਮ ਨੌਜਵਾਨ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਹਨ।

ਉਨ੍ਹਾਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਭਾਰਤ ਵਿੱਚ ਮੁਸਲਮਾਨਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਾਂਗ ਵਿਵਹਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਭਾਰਤੀ ਜੇਲ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਕੈਦੀ ਮੁਸਲਿਮ ਭਾਈਚਾਰੇ ਨਾਲ ਸਬੰਧਤ ਹਨ।ਬੁਲਾਰਿਆਂ ਨੇ ਕਿਹਾ ਕਿ ਮੁਸਲਿਮ ਨੌਜਵਾਨਾਂ ਨੂੰ ਕੁਝ ਸਿਆਸੀ ਵਿਚਾਰ ਰੱਖਣ ਕਰਕੇ ਝੂਠੇ ਅਤੇ ਫਰਜ਼ੀ ਕੇਸਾਂ ਵਿੱਚ ਫਸਾਇਆ ਜਾਂਦਾ ਹੈ ਅਤੇ ਫਿਰ ਜੇਲ੍ਹਾਂ ਵਿੱਚ ਡੱਕ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਨਜ਼ਰਬੰਦਾਂ ਨੂੰ ਭਾਰਤੀ ਅਦਾਲਤਾਂ ਤੋਂ ਵੀ ਕੋਈ ਇਨਸਾਫ਼ ਨਹੀਂ ਮਿਲਦਾ।ਪ੍ਰੋਫੈਸਰ ਮਨੋਜ ਝਾਅ ਨੇ ਕਸ਼ਮੀਰ 'ਚ ਚੱਲ ਰਹੇ ਅੱਤਿਆਚਾਰਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਨਵੀਂ ਦਿੱਲੀ ਨੇ ਜੰਮੂ-ਕਸ਼ਮੀਰ ਦੇ ਲੋਕਾਂ ਖਿਲਾਫ ਜੰਗ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ, ਉਨ੍ਹਾਂ ਦੇ ਘਰਾਂ ਨੂੰ ਢਾਹਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਵਪਾਰਕ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਰਕਾਰ ਕੋਲ ਇਨਸਾਫ਼, ਰਹਿਮ ਤੇ ਰਹਿਮ ਵਰਗੀ ਕੋਈ ਚੀਜ਼ ਨਹੀਂ ਹੈ, ਸਗੋਂ ਇਸ ਨੇ ਮੁਸਲਿਮ ਸਮਾਜ ਨੂੰ ਹਰ ਤਰ੍ਹਾਂ ਨਾਲ ਜ਼ਲੀਲ ਕਰਨ ਦੀ ਕਸਮ ਖਾਧੀ ਹੈ।






# ਬ੍ਰਿਟੇਨ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੂੰ ਮਿਲੀ ਧਮਕੀ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਬ੍ਰਿਟੇਨ ਦੀ ਪਹਿਲੀ ਮਹਿਲਾ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਫੋਨ ਤੇ ਗੱਲਬਾਤ ਕਰਦਿਆਂ ਕਿਹਾ ਕਿ ਧਮਕੀ ਭਰੀ ਈਮੇਲ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਸੁਰੱਖਿਆ ਵਧਾਉਣ ਲਈ ਮਜ਼ਬੂਰ ਹੋਣਾ ਪਿਆ ਹੈ।ਜਿਕਰਯੋਗ ਹੈ ਕਿ ਪ੍ਰੀਤ ਕੋਰ ਗਿੱਲ ਬਰਮਿੰਘਮ, ਐਜਬੈਸਟਨ ਤੋਂ ਵਿਰੋਧੀ ਲੇਬਰ ਪਾਰਟੀ ਦੇ ਸੰਸਦ ਮੈਂਬਰ ਹਨ।ਉਨ੍ਹਾਂ ਨੇ ਫੋਨ ਤੇ ਦੱਸਿਆ ਕਿ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ ਕਿਉਂਕਿ ਉਹ ਇੱਕ ਸੰਸਦ ਮੈਂਬਰ ਵਜੋਂ ਆਪਣੀਆਂ ਰੁਟੀਨ ਡਿਊਟੀਆਂ ਵਿੱਚ ਰੁੱਝੀ ਹੋਈ ਹੈ। "ਇਹ ਮੇਰੇ ਲਈ ਬਹੁਤ ਡੂੰਘੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਮੈਂ ਹਰ ਸਮੇਂ ਹਲਕੇ ਵਿੱਚ ਆਪਣੀਆਂ ਧੀਆਂ ਨਾਲ ਰਹਿੰਦੀ ਹਾਂ।ਮੇਰਾ ਪਰਿਵਾਰ ਉੱਥੇ ਰਹਿੰਦਾ ਹੈ ਇਸ ਲਈ ਇਸ ਧਮਕੀ ਨੇ ਮੈਨੂੰ ਚਿੰਤਤ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇੱਕ ਔਰਤ ਹੋਣ ਦੇ ਨਾਤੇ, ਜਦੋਂ ਤੁਸੀਂ ਆਪਣੇ ਆਪ ਨੂੰ ਅੱਗੇ ਰੱਖਦੇ ਹੋ ਅਤੇ ਤੁਸੀਂ ਬੇਇਨਸਾਫ਼ੀ ਨਾਲ ਲੜਨਾ ਚਾਹੁੰਦੇ ਹੋ, ਤਾਂ ਤੁਸੀਂ ਉਹਨਾਂ ਲੋਕਾਂ ਨੂੰ ਮਿਲਦੇ ਹੋ ਜੋ ਤੁਹਾਨੂੰ ਇਹ ਗੱਲਾਂ ਕਹਿਣ ਨੂੰ ਠੀਕ ਸਮਝਦੇ ਹਨ।ਮੈਂ ਵਿਸ਼ਵਾਸ ਨਹੀਂ ਕਰ ਸਕਦੀ ਕਿ ਇਸ ਵਿਅਕਤੀ ਨੇ ਧਮਕੀ ਦੇਣ ਲਈ ਆਪਣੇ ਕੰਮ ਦੀ ਈਮੇਲ ਦੀ ਵਰਤੋਂ ਕੀਤੀ ਹੈ।" ਉਹ ਆਪਣੀ ਸੁਰੱਖਿਆ ਲਈ ਇੱਕ ਬਾਡੀਗਾਰਡ ਦੀ ਵਰਤੋਂ ਕਰਦੀ ਹੈ ਅਤੇ ਉਨ੍ਹਾਂ ਨੇ ਵੈਸਟ ਮਿਡਲੈਂਡਜ਼ ਪੁਲਿਸ ਨੂੰ ਧਮਕੀਆਂ ਬਾਰੇ ਸੂਚਿਤ ਕੀਤਾ ਹੈ।


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਮਾਰਚ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਨਗਰ ਬੁਤਾਲਾ ਦੀਆਂ ਸੰਗਤਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ।ਇਹ ਅਖੰਡਪਾਠ ਸਾਹਿਬ 10 ਮਾਰਚ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 12 ਮਾਰਚ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*10 ਮਾਰਚ ਦਿਨ ਸ਼ੁੱਕਰਵਾਰ ਦੁਪਹਿਰ 1 ਵਜੇ ਰਿਵਰ ਸਾਈਡ ਫਿਊਨਰਲ ਹਾਲ ਵਿਖੇ ਸਵ. ਹਰਮੇਲ ਸਿੰਘ ਸਹੋਤਾ ਦਾ ਅੰਤਮ ਸਸਕਾਰ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਦੁਪਹਿਰ 2.30 ਵਜੇ ਹੋਵੇਗੀ।

*11 ਮਾਰਚ ਦਿਨ ਸ਼ਨਿਚਰਵਾਰ ਸ਼ਾਮ 3 ਵਜੇ ਰਿਵਰ ਸਾਈਡ ਫਿਊਨਰਲ ਹਾਲ ਵਿਖੇ ਸਵ. ਕੁਲਦੀਪ ਸਿੰਘ ਗਿੱਲ ਦਾ ਅੰਤਮ ਸਸਕਾਰ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਸ਼ਾਮ 4.30 ਵਜੇ ਹੋਵੇਗੀ।

*11 ਮਾਰਚ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਮਨਜੀਤ ਸਿੰਘ ਸਿੰਪਲਾ ਪਰਿਵਾਰ ਵੱਲੋਂ ਆਪਣੀ ਬੇਟੀ ਹਰਵੀਨ ਕੌਰ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

*12 ਮਾਰਚ ਦਿਨ ਐਤਵਾਰ ਸਵੇਰੇ 9 ਵਜੇ ਸਹਿਜਪਾਠ ਦੇ ਭੋਗ ਅਤੇ ਲੰਗਰਾਂ ਦੀ ਸੇਵਾ ਭਾਈ ਜਸਪਾਲ ਸਿੰਘ ਅਤੇ ਬੀਬੀ ਗੁਰਦੀਪ ਕੌਰ ਪਰਿਵਾਰ ਵੱਲੋਂ ਆਪਣੇ ਬੇਟੇ ਰਵਜੋਤ ਸਿੰਘ ਸ਼ੇਰਗਿੱਲ ਦੇ 18ਵੇਂ ਜਨਮਦਿਨ ਦੀ ਖੁਸ਼ੀ ਵਿਚ ਹੋਵੇਗੀ।

*12 ਮਾਰਚ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਰਣਦੀਪ ਸਿੰਘ ਪੁਰਬਾ ਪਰਿਵਾਰ ਵੱਲੋਂ ਹੋਵੇਗੀ।

*12 ਮਾਰਚ ਦਿਨ ਐਤਵਾਰ ਸਵੇਰੇ 11 ਵਜੇ ਰਿਵਰ ਸਾਈਡ ਫਿਊਨਰਲ ਹਾਲ ਵਿਖੇ ਭਾਈ ਧਰਮਿੰਦਰ ਸਿੰਘ ਧੰਜੂ ਦਾ ਅੰਤਮ ਸਸਕਾਰ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਦੁਪਹਿਰ 12.30 ਵਜੇ ਹੋਵੇਗੀ।

*12 ਮਾਰਚ ਦਿਨ ਐਤਵਾਰ ਸ਼ਾਮ ਦੇ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ
1. ਭਾਈ ਹਰਦੀਪ ਸਿੰਘ ਪਰਿਵਾਰ ਵੱਲੋਂ 2. ਭਾਈ ਗੁਰਵਿੰਦਰ ਸਿੰਘ ਪਰਿਵਾਰ ਵੱਲੋਂ

*13 ਮਾਰਚ ਦਿਨ ਸੋਮਵਾਰ ਸਵੇਰੇ 10 ਵਜੇ ਰਿਵਰ ਸਾਈਡ ਫਿਊਨਰਲ ਹਾਲ ਵਿਖੇ ਸਵ. ਭਾਈ ਹਰਪਾਲ ਸਿੰਘ ਧਨੋਆ ਦਾ ਅੰਤਮ ਸਸਕਾਰ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਸਵੇਰੇ 11.30 ਵਜੇ ਹੋਵੇਗੀ।

*15 ਮਾਰਚ ਦਿਨ ਬੁੱਧਵਾਰ ਅਖੰਡਪਾਠ ਸਾਹਿਬ ਦੀ ਸੇਵਾ ਬੀਬੀ ਰਾਜਵਿੰਦਰ ਕੌਰ ਪਰਿਵਾਰ ਵੱਲੋਂ ਹੋਵੇਗੀ ਜਿਹਨਾਂ ਦਾ ਆਰੰਭ ਸਵੇਰੇ 9.30 ਵਜੇ ਹੋਵੇਗਾ ਤੇ ਭੋਗ 17 ਮਾਰਚ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਕੀਰਤਨ ਅਤੇ ਲਗਰਾਂ ਦੀ ਸੇਵਾ ਹੋਵੇਗੀ।

*16 ਮਾਰਚ ਦਿਨ ਵੀਰਵਾਰ ਨੂੰ ਕਾਕਾ ਕਲਵੀਰ ਸਿੰਘ ਅਤੇ ਬੱਚੀ ਅਮਨਪ੍ਰੀਤ ਕੌਰ ਦੇ ਅਨੰਦਕਾਰਜ ਹੋਣਗੇ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਭਗਤਦੀਪ ਸਿੰਘ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224, ਫੈਕਸ:604-572-3276**

# ਸਿਹਤ ਸੰਬੰਧੀ



# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜ੍ਹੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579



ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ ’ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਅੂਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ ’ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ।

ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ। ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:**

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ ’ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਓ

night & day recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

Surrey's Choice Rehabilitation Centre

C: 778-855-3172, F: 778-395-4113

14688-106 Ave. Surrey BC

info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132

FAX: 604-327-0335




# ਚੜਦੀ ਕਲਾ

ਮੈਨੂੰ ਯਾਦ ਐ ਕੋਈ 25 -28 ਕੁ ਸਾਲ ਪਹਿਲਾਂ ਦੇ ਕਰੀਬ ਵੈਨਕੋਵਰ ਸਰੀ ਗੁਰੂ ਘਰ ਦੀਆਂ ਚੋਣਾ ਹੋ ਰਹੀਆਂ ਸਨ ਰੌਲਾ ਉਸ ਸਮੇ ਤਪੜਾਂ ਕੁਰਸੀਆਂ ਦਾ ਸੀ। ਦਰਅਸਲ ਚੋਣ ਕੁਰਸੀ ਅਤੇ ਤਪੜ ਲੜ ਰਹੇ ਸਨ। ਕੁਰਸੀ ਦੀ ਹਮਾਇਤ ਉਪਰ ਕਾਮਰੇਡਾਂ ਦੀ ਰਹਿੰਦ ਖੂੰਹਦ ਸਾਫ ਦਿਸ ਰਹੀ ਸੀ ਜਿਸ ਤੋਂ ਚਿੜ ਕੇ ਕਈ ਸਾਡੇ ਵਰਗੇ ਤਪੜਾਂ ਵੰਨੀ ਜਾ ਖੜੇ ਹੋਏ।ਉਸ ਸਮੇ ਸੁਖਦੇਵ ਢਿਲੋਂ ਦਾ 24 ਘੰਟੇ ਚਲਣ ਵਾਲਾ ਰੇਡੀਓ ਪ੍ਰੋਗਰਾਮ 'ਅਪਣਾ ਸੰਗੀਤ' ਦੇ ਨਾਂ ਹੇਠ ਚਲਿਆ ਕਰਦਾ ਸੀ ਜਿਸ ਨੂੰ ਦੋ ਘੰਟੇ ਮੈਂ ਹੋਸਟ ਕਰਿਆ ਕਰਦਾ ਸਾਂ। ਸ਼ਾਮ ਕੁ ਨੂੰ ਲਗ ਮਹਿਬਲਾਂ ਯਾਣੀਆਂ ਅਤੇ ਚਕ ਲੌ ਥਲ ਦਿਓ ਹੋਣੀ। ਮੇਰੇ ਦੋ ਚਾਰ ਮਿਤਰ ਬੇਲੀ ਵੀ ਆਣ ਬੈਠਿਆ ਕਰਨੇ ਅਤੇ ਦੇਹ ਕਾਲ ਤੇ ਕਾਲ। ਲੋਕਾਂ ਵਿਚ ਉਤਸ਼ਾਹ ਸੀ ਕਿ ਕਾਮਰੇਡ ਭਜਾਓਣੇ ਗੁਰਦੁਆਰਿਓਂ। ਪਰ ਨਤੀਜੇ ਉਲਟ ਆਏ ਅਤੇ ਕੁਰਸੀ ਜਿਤ ਗਈ ਤਪੜ ਹਾਰ ਗਿਆ।ਅਗਲੇ ਦਿਨ ਪ੍ਰੋਗਰਾਮ ਕਰਨਾ ਸੀ ਜਿਸਨੂੰ ਫੋਨ ਕਰੋ ਕਿਸੇ ਦਾ ਕਾਕਾ ਬਿਮਾਰ ਕੋਈ ਖੁਦ ਬਿਮਾਰ। ਕਿਸੇ ਦੀ ਸਸ ਆ ਰਹੀ ਸੀ ਕਿਸੇ ਦਾ ਸਹੁਰਾ ਜਾ ਰਿਹਾ ਪੰਜਾਬ ਯਾਣੀ ਹਾਰੀ ਹੋਈ ਬਾਜੀ ਵੇਲੇ ਕੋਈ ਨਾ ਪਹੁੰਚਿਆ ਅਤੇ ਮਹਿਫਲਾਂ ਵਾਲੇ ਬਾਗ ਵੈਰਾਨ।ਵਟ ਤਾਂ ਬੜਾ ਚੜਿਆ ਰੋਜ ਆ ਆ ਸੰਘ ਪਾੜਨ ਵਾਲਿਆਂ ਤੇ ਪਰ ਕਰ ਕੀ ਸਕਦੇ ਹੁੰਨੇ ਤੁਸੀਂ। ਪਰ ਮੈਨੂੰ ਜਾਪਿਆ ਕਿ ਹੁਣ ਦੜ ਵਟ ਭਜ ਜਾਣਾ ਧੋਖਾ ਹੈ ਓਨਾ ਲੋਕਾਂ ਨਾਲ ਜਿਹੜੇ ਰੋਜ ਤੁਹਾਥੋਂ ਉਤਸ਼ਾਹ ਲੈਂਦੇ ਰਹੇ ਅਤੇ ਤੁਹਾਨੂੰ ਉਤਸ਼ਾਹਤ ਕਰਦਾ ਰਹੇ ਨੇ।ਪਰ ਓਸ ਜਿਨ ਜਿਸ ਅੰਦਾਜ ਅਤੇ ਉਤਸ਼ਾਹ ਵਿਚ ਮੈਂ ਇਕਲਾ ਹੀ ਬੋਲ ਗਿਆ ਲੋਕ ਜਿਵੇਂ ਡਿਗਦੇ ਡਿਗਦੇ ਉਠ ਆਏ ਹੋਣ ਕਿ ਹੋਇਆ ਹੀ ਕਖ ਨਹੀ ਅਗਲੀ ਵਾਰੀ ਫਿਰ ਸਹੀਂ।ਸਿਖ ਲਹਿਰ ਦੀ ਲੜਾਈ ਵੇਲੇ ਟਕਸਾਲੀ ਜਾਂ ਬਾਕੀ ਰਲਵੀਂ ਭੀੜ ਜਦ ਬੰਦਿਆਂ ਸਾਡਿਆਂ ਦਾ ਚੰਗਾ ਮਾਂਝਾ ਫੇਰ ਗਈ ਤਾਂ ਐਂਬੂਲੈਂਸਾਂ ਤੇ ਬੰਦੇ ਹਸਪਤਾਲ ਤੋਰ ਕੇ ਬਾਕੀ ਲੋਕ ਇਓਂ ਆਣ ਬੈਠੇ ਜਿਵੇਂ ਕੱਲੀ ਕੱਲੀ ਕੁੜੀ ਤੋਰ ਕੇ ਟਬਰ ਸਾਰਾ ਮਸੋਸਾ ਜਿਹਾ ਆਣ ਬੈਠਦਾ।ਮੈਨੂੰ ਲਗਾ ਲੋਕ ਤਾਂ ਡਿਗ ਜਾਣਗੇ ਇਓਂ। ਲੋਕਾਂ ਦੀ ਹਾਲਤ ਦੇਖ ਹਾਲ ਵਿਚ ਜਾ ਕੇ ਮੈਂ ਸਪੀਕਰ ਆਨ ਕੀਤਾ ਅਤੇ ਕਿਹਾ ਕਿ ਭਾਰਾਵੋ ਇਧਰ ਆਓ ਹੁਣ। ਬਸ ਗਲ ਤੁਰ ਪਈ ਮਗਰ ਬਾਕੀਆਂ ਵੀ ਆਣ ਮਾਈਕ ਫੜੇ। ਨੌਜਵਾਨ ਮੁੰਡੇ ਕੁਝ ਮੇਰੇ ਕੋਲੇ ਆਏ ਕਿ ਬਾਈ ਜੀ ਅਗਲਾ ਪ੍ਰੋਗਰਾਮ ਦਸੋ ਹੁਣ ਕਦ ਰਖਣਾ।ਯਾਣੀ ਕਿਸੇ ਵੀ ਲਹਿਰ ਦੇ ਫਿਹਲ ਹੋ ਜਾਣ ਬਾਅਦ ਜਾਂ ਕੌਮ ਦੇ ਔਜੜੇ ਪੈਣ ਵੇਲੇ ਪ੍ਰਚਾਰਕਾਂ, ਢਾਡੀਆਂ ' ਕਲਮਕਾਰਾਂ ਨੂੰ ਪਹਿਲਾਂ ਨਾਲੋਂ ਵੀ ਵਧ ਜੋਸ਼ ਵਿਚ ਅਗੇ ਆਓਂਣਾ ਬਣਦਾ ਹੈ ਤਾਂ ਕਿ ਕੌਮ ਨੈਗਟਵਿਟੀ ਦੀ ਧਰਾਧਲ ਵੰਨੀ ਨਾ ਜਾ ਧਸੇ। ਚੜਦੀਆਂ ਕਲਾਂਵਾਂ ਸਮੇ ਤਾਂ ਸਭ ਬਾਹਵਾਂ ਟੰਗੀ ਫਿਰਦੇ ਹੁੰਦੇ ਪਰ ਸਹੀ ਸਮਾ ਬੋਲਣ ਦਾ ਉਸ ਸਮੇ ਹੁੰਦਾ ਜਦ ਕੌਮ ਨੈਗਟਵਿਟੀ ਵੰਨੀ ਜਾ ਰਹੀ ਹੋਵੇ।ਸਾਫ ਸੁਥਰੀ ਬੋਲੀ ਅਤੇ ਬਿਨਾ ਕਿਸੇ ਨੂੰ ਕੁੱਤਾ ਬਿੱਲਾ ਕਰਨ ਦੇ ਧੁਸ ਦੇ ਕੇ ਅਗੇ ਨਿਕਲ ਆਓਂਣਾ ਚਾਹੀਦਾ ਅਤੇ ਅਧੇ ਖਾਲੀ ਗਲਾਸ ਵੰਨੀ ਬਿਨਾ ਧਿਆਨ ਦਿਤੇ ਅਪਣੇ ਇਤਿਹਾਸ ਵਿਚਲੇ ਜਾਂਬਾਜ ਪਖਾਂ ਨੂੰ ਲੋਕਾਂ ਵਿਚ ਲੈ ਕੇ ਜਾਣਾ ਸਮੇ ਦੀ ਲੋੜ ਹੁੰਦੀ ਹੈ ਤਾਂ ਕਿ ਅਪਣੇ ਲੋਕਾਂ ਦੀ ਮਾਨਸਿਕਤਾ ਨੂੰ ਓਨਾ ਗੁੰਡਾਗਰਦ ਲੋਕਾਂ ਅਤੇ ਕਲਮਾਂ ਤੋਂ ਸੁਰੱਖਿਅਤ ਕੀਤਾ ਜਾ ਸਕੇ ਜਿੰਨਾ ਨੂੰ ਗੁਰੂ ਘਰਾਂ ਵਿਚ ਚੋਰ ਲੋਟੇਰਿਆਂ ਤੋਂ ਬਿਨਾ ਦਿਸਦਾ ਹੀ ਕਖ ਨਹੀ ਅਤੇ ਜਿਹੜੇ ਸਿਖ ਕੌਮ ਨੂੰ ਦਿਨ ਪੁਰ ਰਾਤ ਭੰਡਣ ਦੀ ਬਿਮਾਰੀ ਦਾ ਸ਼ਿਕਾਰ ਹੋ ਚੁਕੇ ਹੋਏ ਨੇ।ਕੌਮ ਜਦ ਵਾਰ ਵਿਚੋਂ ਲੰਘ ਰਹੀ ਹੋਵੇ ਉਸ ਅਗੇ ਹਰਾਸ ਕਰਨ ਵਾਲੀਆਂ ਗਲਾਂ ਰਖਣ ਵਾਲੇ ਮਿਤਰ ਨਹੀ ਦੁਸ਼ਮਣ ਵੰਨਿਓ ਭੁਗਤ ਰਹੇ ਹੁੰਦੇ ਹਨ ਕਿਓਂਕਿ ਅਜਿਹੇ ਸਮੇ ਕੌਮ ਨੂੰ ਹਰਾਸਤਾ ਦੀ ਨਹੀ ਚੜਦੀ ਕਲਾ ਵਾਲੇ ਮਿੱਤਰਾਂ ਦੀ ਲੋੜ ਹੁੰਦੀ ਹੈ। ਨਹੀ?

**ਗੁਰਦੇਵ ਸਿੰਘ ਸਧੋਵਾਲੀਆ**

LANGLEY BANQUET HALL



SERVICE AVAILABLE IN SURREY, DELTA, LANGLEY & ALDERGROVE

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI WITH RAITA AND DESSERT
220$ a month
OR
6 DAY VEG
1 DAAL 1 SABZI 8 ROTI WITH RAITA AND DESSERT 200$ month

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਮੇਰੀ ਮਾਂ

ਮੇਰੀ ਮਾਂ ਨੂੰ,
ਸਵੈਟਰ ਬੁਣਨਾ ਨਹੀਂ ਸੀ ਆਉਂਦਾ,
ਪਰ ਉਹ ਰਿਸ਼ਤੇ ਬੁਣਨੇ ਜਾਣਦੀ ਸੀ ।
ਮਾਂ ਨੂੰ ਤਰਨਾ ਨਹੀਂ ਸੀ ਆਉਂਦਾ,
ਪਰ ਉਹ ਤਾਰਨਾ ਜਾਣਦੀ ਸੀ।

ਸਰੋਵਰ ‘ਚ ਵਾੜ ਕੇ ਆਖਦੀ,
ਡਰ ਨਾ, ਮੈਂ ਤੇਰੇ ਨਾਲ ਹਾਂ।
ਹੁਣ ਵੀ ਜਦ ਕਦੇ ਗ਼ਮ ਦੇ ਸਾਗਰ ਜਾਂ,
ਮਨ ਦੇ ਵਹਿਣ ‘ਚ ਵਹਿਣ ਲੱਗਦਾ ਹਾਂ,
ਤਾਂ ਮਾਂ ਡੁੱਬਣ ਨਹੀਂ ਦਿੰਦੀ।
ਮਰਨ ਮਗਰੋਂ ਅਜੇ ਵੀ ਮੇਰੇ ਕੋਲ ਆ ਖਲੋਂਦੀ,
ਮੇਰੀਆਂ ਅੱਖਾਂ ਪੂੰਝਦੀ ਹੈ ਆਖਦੀ ਹੈ,
ਤੂੰ ਮੇਰਾ ਪੁੱਤ ਹੈ ਤੇਰੀ ਅੱਖ ਵਿੱਚ ਅੱਥਰੂ?
ਜੇ ਮੇਰਾ ਪੁੱਤਰ ਹੈ ਤਾਂ
ਇਹ ਗਲੇਡੂ ਨਾ ਵਹਾਈਂ।
ਕੋਈ ਬੇਗਾਨਾ ਨਹੀਂ,
ਪੂੰਝਦਾ ਬਾਹਰੋਂ ਆ ਕੇ।
ਆਪ ਹੀ ਉੱਠਣਾ ਪੈਂਦਾ ਹੈ, ਡਿੱਗ ਕੇ।
ਮੇਰੀ ਮਾਂ ਨੂੰ ਉੱਡਣਾ ਨਹੀਂ ਸੀ ਆਉਂਦਾ
ਪਰ ਸਾਨੂੰ ਸਵੇਰ ਸ਼ਾਮ
ਸੁਪਨਿਆਂ ਦੇ ਖੰਭ ਲਾਉਂਦੀ
ਤੇ ਅਨੰਤ ਅੰਬਰੀਂ ਉਡਾਉਂਦੀ।
ਮੇਰੀ ਮਾਂ ਨੂੰ ਮੰਗਣਾ ਨਹੀਂ ਸੀ ਆਉਂਦਾ,
ਵੰਡਣਾ ਹੀ ਜਾਣਦੀ ਸੀ।
ਘਰ ਦੀਆਂ ਵਿੱਥਾਂ ਵਿਰਲਾਂ 'ਚ ਪੋਟਲੀਆਂ ਅੰਦਰ,
ਰਹਿਮਤਾਂ ਬੰਨ੍ਹ ਕੇ ਲੁਕਾਈ ਰੱਖਦੀ ।
ਮਾਂ ਕੋਲ ਕਿੰਨਾ ਕੁਝ ਸੀ।
ਨਾਂਹ ਤੋਂ ਬਗੈਰ, ਹੋਰ ਸਾਰਾ ਕੁਝ ।
ਮਾਂ ਊੜੇ ਨੂੰ ਜੂੜੇ ਤੋਂ ਪਛਾਣ ਕੇ ਅਕਸਰ ਆਖਦੀ,
ਪੁੱਤ ਇਹਦਾ ਪੱਲਾ ਨਾ ਛੱਡੀਂ।
ਇਹੀ ਤਾਰਨਹਾਰ ਹੈ।
ਸ਼ਾਮੀਂ ਕੁਵੇਲੇ ਘਰ ਪਰਤਣ ਕਰਕੇ,
ਬਿਰਧ ਉਮਰੇ ਵੀ ਉਹ,
ਮੰਜੀ ਤੇ ਪਈ ਲਾਡ ਨਾਲ,
ਆਪਣੇ ਕੋਲ ਬੁਲਾਉਂਦੀ ।
ਮੈਨੂੰ ਪੋਲੇ ਜਿਹੇ ਹੱਥ ਨਾਲ,
ਮੇਰੇ ਪੁੱਤਰ ਪੁਨੀਤ ਸਾਹਮਣੇ,
ਰੰਗੀ ਹੋਈ ਦਾੜ੍ਹੀ ਤੇ,
ਪੋਲਾ ਜਿਹਾ ਹੱਥ ਮਾਰਦੀ ਤੇ ਆਖਦੀ,
ਹੁਣ ਤੇ ਸੁਧਰ ਜਾਹ ਪੁੱਤ ਬਰਾਬਰ ਦਾ ਹੋ ਗਿਆ।
ਜੇ ਕੱਲ੍ਹ ਨੂੰ ਇਹ ਵੀ ਤੇਰੇ ਵਾਂਗ ਕਰੇਗਾ,
ਤਾਂ ਕੀ ਕਰੇਂਗਾ?
ਅੱਜ ਦੇ ਦਿਨ ਤੁਰ ਗਈ ਦੂਰ ਬਹੁਤ ਦੂਰ
ਵਿਸਾਖੀ ਉਦਾਸ ਕਰ ਗਈ ਮਾਂ
ਵਿਸਾਖੀ ਵਾਲੇ ਦਿਨ ਗੁਲਗੁਲੇ,
ਗੁਣੇ, ਨਮਕੀਨ ਮੱਠੀਆਂ
ਬਣਾਉਂਦੀ ਸੀ ਬੜੇ ਸਵਾਦ।
ਹੁਣ ਜਦ ਕਦੇ ਕੜਾਹੀ
ਚੜ੍ਹਦੀ ਹੈ,
ਸਰ੍ਹੋਂ ਦਾ ਤੇਲ ਉੱਬਲਦਾ ਹੈ,
ਤਾਂ ਬਹੁਤ ਯਾਦ ਆਉਂਦੀ
ਹੈ ਮਾਂ।



**ਗੁਰਭਜਨ ਸਿੰਘ ਗਿੱਲ**

## ਨਾਰੀ ਹੈ ਰੂਪ ਰੱਬ ਦਾ....

ਚੰਡੀ ਬਣ ਰਣ ਵਿੱਚ ਜੂਝੇ, ਸ਼ਕਤੀ ਮਹਾਨ ਹੈ।
ਘਰ ਦਾ ਸ਼ਿੰਗਾਰ ਨਾਰੀ , ਘਰ ਦੀ ਇਹ ਸ਼ਾਨ ਹੈ।
ਨਾਰੀ ਹੈ ਰੂਪ ਰੱਬ ਦਾ.....।
ਸੰਕਟ ਵਿੱਚ ਸ਼ਰਨ ਏਸ ਦੀ, ਦੇਵਤੇ ਆਏ ਸੀ।
ਰਣਾਂ ਵਿੱਚ ਚੰਡੀ ਬਣਕੇ , ਦਾਨੋ ਖਪਾਏ ਸੀ ।
ਜ਼ਾਲਮ ਦਾ ਨਾਸ਼ ਕਰਨ ਲਈ , ਤਿੱਖੀ ਕਿਰਪਾਨ ਹੈ।
ਘਰ ਦਾ ਸ਼ਿੰਗਾਰ ਨਾਰੀ......।
ਜਨਮੋਂ ਹੈ ਕਿਰਤੀ ਏਹ , ਤਿਆਗ ਦੀ ਮੂਰਤ ਹੈ ।
ਬੜੇ ਵੈਰਾਗ ਵਾਲ਼ੀ , ਸਬਰਾਂ ਦੀ ਸੂਰਤ ਹੈ।
ਮਾਲਕ ਦਾ ਕਾਇਮ ਆਪਣੇ , ਰੱਖਦੀ ਈਮਾਨ ਹੈ।
ਘਰ ਦਾ ਸ਼ਿੰਗਾਰ ਨਾਰੀ......।
ਬਣ ਜਾਂਦੀ ਮਾਈ ਭਾਗੋ , ਯੋਧੇ ਵੰਗਾਰਦੀ।
ਹੱਥੀਂ ਫੜ ਤੇਗ਼ ਗੁਰਾਂ ਦੀ , ਜੰਗ ਵਿੱਚ ਲਲਕਾਰਦੀ।
ਝਾਂਸੀ ਬਣ ਜਾਂਦੀ ਆਪਾ, ਕਰਦੀ ਕੁਰਬਾਨ ਹੈ।
ਘਰ ਦਾ ਸ਼ਿੰਗਾਰ ਨਾਰੀ.......।
ਦਿੰਦੀ ਹੈ ਅਗਨ ਪ੍ਰੀਖਿਆ , ਦੂਜੇ ਘਰ ਜਾਂਦੇ ਜਾਂ।
ਜਿਉਂਦੇ ਜੀ ਮਾਰਕੇ ਆਪਾ , ਸੇਵਾ ਵਿੱਚ ਲਾਂਦੀ ਜਾਂ।
ਸਿਦਕ ਦੀ ਮੂਰਤ ਬਣਦੀ , ਲਾ ਦਿੰਦੀ ਜਾਨ ਹੈ।
ਘਰ ਦਾ ਸ਼ਿੰਗਾਰ ਨਾਰੀ......।
ਸ਼ਰਧਾ, ਪਰੇਮ, ਆਸਥਾ , ਇਸ ਵਿੱਚ ਗੁਣ ਪੂਰੇ ਨੇ।
ਸੇਵਾ ਜਿੱਧਰ ਵੀ ਹੋਵੇ , ਮਰਦਾਂ ਤੋਂ ਮੂਹਰੇ ਨੇ।
ਹਉਮੈ ਤੋਂ ਰਹਿਤ ਆਤਮਾ , ਦਿਲ ਵਿੱਚ ਭਗਵਾਨ ਹੈ।
ਘਰ ਦਾ ਸ਼ਿੰਗਾਰ ਨਾਰੀ......।
ਕੀੜੀ ਜਿਉਂ ਲਗਨ ਏਸਦੀ, ਵਿੱਦਿਆ ਵਿੱਚ ਮੂਹਰੇ ਐ।
ਮੋਢੇ ਨਾਲ਼ ਮੋਢਾ ਲਾਵੇ, ਸਾਰੇ ਕੰਮ ਪੂਰੇ ਐ।
ਗਾਗਰ ਵਿੱਚ ਸਾਗਰ ਭਰਿਆ , ਗੁਣਾਂ ਦੀ ਖਾਨ ਹੈ ।
ਘਰ ਦਾ ਸ਼ਿੰਗਾਰ ਨਾਰੀ......।
ਸੁਣਲੈ ਗੱਲ ਮੇਰੀ ਭੈਣੇ, ਆ ਗਏ ਵਪਾਰੀ ਨੀ।
ਮੰਡੀ ਦੀ ਵਸਤ ਬਣਾਉਂਦੇ , ਤੈਨੂੰ ਜੁਆਰੀ ਨੀ।
ਚੇਤਨ ਹੋ ਸੰਭਲ ਭੈਣੇ , ਲਾਦੇ ਜੋ ਤਾਣ ਹੈ।
ਘਰ ਦਾ ਸ਼ਿੰਗਾਰ ਨਾਰੀ......।
'ਰਸੀਏ' ਤੇ ਮਿਹਰ ਗੁਰੂ ਦੀ, ਦੱਸਦੈ ਗੱਲ ਖੋਲ੍ਹਕੇ।
ਗਾਉਂਦਾ ਹੈ 'ਸੋਹਲ' ਧਨੌਲਾ, ਮੁੱਖੋਂ ਛੰਦ ਬੋਲਕੇ।
ਝੋਕਾਂ ਵਿੱਚ ਜਗਤ ਮਾਤ ਦਾ, ਕੀਤਾ ਗੁਣਗਾਣ ਹੈ।
ਘਰ ਦਾ ਸ਼ਿੰਗਾਰ ਨਾਰੀ, ਘਰ ਦੀ ਏਹ ਸ਼ਾਨ ਹੈ।
ਨਾਰੀ ਹੈ ਰੂਪ ਰੱਬ ਦਾ.......।



**ਗੁਰਜਿੰਦਰ ਸਿੰਘ ਰਸੀਆ**

## ਇਸਤਰੀ ਦਿਵਸ ਤੇ ਵਿਸੇਸ਼

## ਧੀਆਂ ਮਿੱਠੜੇ ਮੇਵੇ



ਧੀਆਂ ਖੁਸ਼ੀਆਂ ਖੇੜੇ, ਰੱਬ ਕਿਉਂ ਨਾ ਦੇਵੇ?
ਧੀਆਂ ਮਿੱਠੜੇ ਮੇਵੇ , ਰੱਬ ਸਭ ਨੂੰ ਦੇਵੇ।
ਜਿਸ ਘਰ ਦੇ ਵਿੱਚ ਧੀ ਜੰਮਦੀ ਹੈ।
ਆਮਦ ਦਇਆ, ਖਿਮਾ, ਸੰਗ ਦੀ ਹੈ।
ਬਿਨਾਂ ਲੋਰੀਆਂ ਅਤੇ ਪਿਆਰੋਂ,
ਦੌਲਤ ਹੋਰ ਨਾ ਧੀ ਮੰਗਦੀ ਹੈ।
ਕਾਹਤੋਂ ਬੂਹੇ ਭੇੜੇ? ਰੱਬ ਸਭ ਨੂੰ ਦੇਵੇ।
ਧੀਆਂ ਮਿੱਠੜੇ ਮੇਵੇ, ਰੱਬ ਸਭ ਨੂੰ ਦੇਵੇ।

ਮਾਂ ਦਾ ਦਰਦ ਵਡਾਂਉਂਦੀ ਧੀ ਹੈ।
ਪੱਗ ਦੀ ਸ਼ਾਨ ਵਧਾਉਂਦੀ ਧੀ ਹੈ।
ਸਬਰ-ਸਿਦਕ ਦੀਆਂ ਰਿਸ਼ਮਾਂ ਵੰਡਦੀ,
ਵਿਹੜੇ ਨੂੰ ਰੁਸ਼ਨਾਉਂਦੀ ਧੀ ਹੈ।
ਫਿਰ ਕਿਉਂ ਰਹਿਣ ਹਨ੍ਹੇਰੇ? ਰੱਬ ਸਭ ਨੂੰ ਦੇਵੇ।
ਧੀਆਂ ਮਿੱਠੜੇ ਮੇਵੇ, ਰੱਬ ਸਭ ਨੂੰ ਦੇਵੇ।

ਵਿੱਦਿਆ ਦੇ ਖੇਤਰ ਵਿੱਚ ਅੱਗੇ।
ਮਾਪਿਆਂ ਤਾਈਂ ਬੋਝ ਨਾ ਲੱਗੇ।
ਹਿੰਮਤ ਅਤੇ ਮੁਸ਼ੱਕਤ ਸਦਕਾ,
ਫ਼ਰਜ਼ ਨਿਭਾਉਂਦੀ ਕਸਰ ਨਾ ਛੱਡੇ।
ਐਸੇ ਹੁਨਰ ਬਥੇਰੇ। ਰੱਬ ਕਿਉਂ ਨਾ ਦੇਵੇ?
ਧੀਆਂ ਮਿੱਠੜੇ ਮੇਵੇ , ਰੱਬ ਸਭ ਨੂੰ ਦੇਵੇ।

ਧੀ ਕਿਉਂ ਧਨ ਪਰਾਇਆ ਲੋਕੋ?
ਉਸਦੇ ਪਰ-ਉਪਕਾਰ ਨਾ ਟੋਕੋ।
ਦੂਜੇ ਦੇ ਘਰ ਸੂਰਜ ਬਣ ਕੇ,
ਨ੍ਹੇਰ ਮੁਕਾਵੇ, ਇਹ ਤਾਂ ਸੋਚੋ।
ਬਦਲੋ ਰਸਮਾਂ ਭੇੜੇ, ਰੱਬ ਕਿਉਂ ਨਾ ਦੇਵੇ?
ਧੀਆਂ ਮਿੱਠੜੇ ਮੇਵੇ, ਰੱਬ ਸਭ ਨੂੰ ਦੇਵੇ।

ਹੱਕਾਂ ਦੇ ਲਈ ਧੀ ਹੈ ਲੜਦੀ।
ਨਾ ਭੈਅ ਦਿੰਦੀ, ਨਾ ਭੈਅ ਜਰਦੀ।
ਜ਼ਾਲਮ ਸਾਹਵੇਂ 'ਸ਼ੀਹਣੀ' ਬਣ ਕੇ,
ਮਜ਼ਲੂਮਾਂ ਦੀ ਰੱਖਿਆ ਕਰਦੀ।
ਵੈਰੀ ਆਉਣ ਨਾ ਨੇੜੇ।ਰੱਬ ਕਿਉਂ ਨਾ ਦੇਵੇ?
ਧੀਆਂ ਮਿੱਠੜੇ ਮੇਵੇ,ਰੱਬ ਸਭ ਨੂੰ ਦੇਵੇ।

ਮਿੱਠੜੇ ਮੇਵੇ ਧੀਆਂ ਹੀ ਨੇ।
ਪੱਕੀਆਂ ਨੀਂਹਾਂ ਧੀਆਂ ਹੀ ਨੇ।
ਧੀਆਂ ਨੂੰ ਨਿੰਦਣ ਜੋ ਕਲਮਾਂ,
ਗ਼ਲਤ ਪਾਉਂਦੀਆਂ ਲੀਹਾਂ ਹੀ ਨੇ।
ਲਾਅਣਤ, ਲਿਖਦੇ ਜਿਹੜੇ। ਰੱਬ ਕਿਉਂ ਨਾ ਦੇਵੇ?
ਧੀਆਂ ਮਿੱਠੜੇ ਮੇਵੇ,ਰੱਬ ਸਭ ਨੂੰ ਦੇਵੇ।

ਸਾਡੇ ਘਰ ਜਦ ਧੀਆਂ ਆਈਆਂ।
ਰੌਣਕ-ਮੇਲੇ ਨਾਲ ਲਿਆਈਆਂ।
ਰੂਹਾਂ ਨੂੰ ਮੁਸਕਾਨ ਬਖ਼ਸ਼ ਕੇ,
ਸਭਨਾਂ ਦੇ ਦਿਲ ਅੰਦਰ ਛਾਈਆਂ।
ਖ਼ੁਸ਼ੀਆਂ ਲਾਏ ਡੇਰੇ। ਰੱਬ ਸਭ ਨੂੰ ਦੇਵੇ।
ਧੀਆਂ ਮਿੱਠੜੇ ਮੇਵੇ, ਰੱਬ ਸਭ ਨੂੰ ਦੇਵੇ।

ਜੀਵਨ ਵਿਚ ਜੋ ਘੜੀਆਂ ਲੰਘਣ।
ਧੀਆਂ ਸਦਾ ਦੁਆਵਾਂ ਮੰਗਣ।
ਬਾਬੇ ਨਾਨਕ ਦੇ ਵਰੋਸਾਇ,
ਧੀ ਮੰਗਣ ਤੋਂ ਕਦੀ ਨਾ ਸੰਗਣ।
ਗੁਰ ਬਲਿਹਾਰੇ ਤੇਰੇ।ਰੱਬ ਸਭ ਨੂੰ ਦੇਵੇ।
ਧੀਆਂ ਖੁਸ਼ੀਆਂ ਖੇੜੇ, ਰੱਬ ਕਿਉਂ ਨਾ ਦੇਵੇ?
ਧੀਆਂ ਮਿੱਠੜੇ ਮੇਵੇ, ਰੱਬ ਸਭ ਨੂੰ ਦੇਵੇ।

**ਡਾ. ਗੁਰਵਿੰਦਰ ਸਿੰਘ ਧਾਲੀਵਾਲ**




# "ਗੁਰਬਾਣੀ ਵਿਚੋਂ ਇਸਤਰੀ ਨੂੰ ਬਲ"

ਹਰੇਕ ਜੀਵ ਨੂੰ ਪਰਮਾਤਮਾ ਦੁਆਰਾ ਸਿਰਜਿਆ ਗਿਆ ਮੰਨਿਆਂ ਜਾਂਦਾ ਹੈ। ਨਰ ਅਤੇ ਮਾਦਾ ਆਪਣੀਆਂ ਨਸਲਾਂ ਨੂੰ ਵਿਕਸਤ ਕਰਨ ਅਤੇ ਉਨ੍ਹਾਂ ਦੇ ਵਾਧੇ ਲਈ ਜ਼ਿੰਮੇਵਾਰ ਹੁੰਦੇ ਹਨ। ਸੋ ਆਪਣੀਆਂ ਨਸਲਾਂ ਨੂੰ ਅੱਗੇ ਚਲਾਉਣ ਲਈ ਨਰ ਅਤੇ ਮਾਦਾ ਦੋਨਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਕਿਸੇ ਇੱਕ ਤੋਂ ਬਿਨਾਂ ਇਸ ਵਿਕਾਸ ਨੂੰ ਕਿਆਸਿਆ ਵੀ ਨਹੀਂ ਜਾ ਸਕਦਾ। ਦੋਵੇਂ ਇਕ-ਦੂਜੇ ਦੇ ਸਹਾਇਕ ਵੀ ਹਨ ਅਤੇ ਪੂਰਕ ਵੀ। ਤਾਂ ਫਿਰ ਦੋਹਾਂ ਵਿਚੋਂ ਕਿਸੇ ਇਕ ਨੂੰ ਛੁਟਿਆਉਣਾ ਕੁਦਰਤ ਦੇ ਨੇਮ ਦੇ ਉਲਟ ਹੋਵੇਗਾ। ਵਿਸ਼ਵ ਦਾ ਇਤਿਹਾਸ ਪੜ੍ਹਿਆਂ ਪਤਾ ਲੱਗਦਾ ਹੈ ਕਿ ਮਾਨਵਤਾਵਾਦ ਦਾ ਫ਼ਲਸਫ਼ਾ ਉੱਨੀਵੀਂ ਸਦੀ ਵਿੱਚ ਯੂਰਪ ਵਿਚ ਪ੍ਰਚਲਿਤ ਹੋਇਆ ਸੀ। ਪਰ ਵੀਹਵੀਂ ਸਦੀ ਤੱਕ ਇਸ ਫ਼ਲਸਫ਼ੇ ਨੂੰ ਸੰਸਾਰ ਪੱਧਰ ਤੇ ਮਾਨਤਾ ਪ੍ਰਾਪਤ ਹੋਈ।ਅਸੀਂ ਹੈਰਾਨ ਰਹਿ ਜਾਂਦੇ ਹਾਂ ਕਿ ਇਹੀ ਫ਼ਲਸਫ਼ਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪੰਦਰਵੀਂ ਸਦੀ ਵਿੱਚ ਦਿੱਤਾ ਜਾ ਚੁੱਕਾ ਸੀ। ਸੋ ਸਾਨੂੰ ਪੰਜਾਬੀ ਹੋਣ ਤੇ ,ਸਿੱਖ ਹੋਣ ਤੇ ,ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਹੋਣ ਤੇ ਮਾਣ ਹੋਣਾ ਚਾਹੀਦਾ ਹੈ ਕਿ ਜਿਸ ਫ਼ਲਸਫ਼ੇ ਨੂੰ ਅਗਾਂਹ ਵਧੂ ਕਹਾਉਣ ਵਾਲੇ ਯੂਰਪੀ ਦੇਸ਼ਾਂ ਨੇ ਆਧੁਨਿਕ ਸਮੇਂ ਵਿੱਚ ਅਪਣਾਇਆ, ਸਾਡੇ ਕੋਲ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਮਿਹਰ ਸਦਕਾ ਉਹ ਪੰਜ ਸਦੀਆਂ ਪਹਿਲਾਂ ਹੀ ਆ ਚੁੱਕਾ ਸੀ। ਇਹੀ ਕਾਰਨ ਹੈ ਕਿ ਸਿੱਖ ਧਾਰਮਿਕ ਫਲਸਫ਼ੇ ਦਾ ਕੇਂਦਰ ਬਿੰਦੂ ਮਨੁੱਖਤਾ ਹੈ ।ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਆਈਆਂ ਨੌਂ ਜੋਤਾਂ ਨੇ ਇਸੇ ਫ਼ਲਸਫ਼ੇ ਨੂੰ ਵਿਸਥਾਰਿਆ ਅਤੇ ਪ੍ਰਚਾਰਿਆ।ਇੱਥੇ ਅਸੀਂ ਇਸ ਵਿਸ਼ੇ ਤੇ ਗੱਲ ਕਰਨ ਲਈ ਇਕੱਤਰ ਹੋਏ ਹਨ ਕਿ ਗੁਰਬਾਣੀ ਵਿੱਚੋਂ ਇਸਤਰੀ ਨੂੰ ਬਲ ਮਿਲਦਾ ਹੈ। ਜੇਕਰ ਸੱਚੀਓਂ ਬਲ ਮਿਲਦਾ ਹੈ ਤਾਂ ਕੀ ਅਸੀਂ ਉਸ ਬਲ ਨੂੰ ਅਮਲੀ ਰੂਪ ਵਿੱਚ ਸਵੀਕਾਰਦੇ ਹਾਂ? ਜੇਕਰ ਸਵੀਕਾਰਦੇ ਹਾਂ ਤਾਂ ਕਿਸ ਹੱਦ ਤੱਕ ਅਤੇ ਕਿਸ ਪੱਧਰ ਤੱਕ? ਜਦੋਂ ਵੀ ਕਿਤੇ ਸਮਾਜ ਵਿੱਚ ਇਸਤਰੀ ਦੀ ਬਰਾਬਰੀ ਦੀ ਗੱਲ ਹੁੰਦੀ ਹੈ ,ਉਸ ਦੇ ਮਾਣ ਦੀ ਗੱਲ ਹੁੰਦੀ ਹੈ ਤਾਂ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਯਾਦ ਆਉਂਦੇ ਹਨ:-

ਭੰਡ ਜੰਮੀਐ ਭੰਡ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ॥

ਕੇਵਲ ਇੰਨਾ ਹੀ ਨਹੀਂ ਸਗੋਂ ਕਿਹਾ ਜਾਂਦਾ ਹੈ ਕਿ ਸਮਾਜ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਿੱਥੇ ਵੀ ਕਿਤੇ ਉਪਦੇਸ਼ ਕਰਦੇ ਸਨ, ਇਸਤਰੀ ਪੁਰਸ਼ ਸਭ ਨੂੰ ਸੰਗਤੀ ਰੂਪ ਵਿਚ ਬੈਠਣ ਦਾ ਹੁਕਮ ਹੁੰਦਾ ਸੀ। ਜਦ ਕਿ ਪਹਿਲਾਂ ਔਰਤਾਂ ਨੂੰ ਧਾਰਮਿਕ ਉਪਦੇਸ਼ ਦੇਣਾ ਹੀ ਵਰਜਿਤ ਸੀ। ਸੋ ਇਹ ਉਹ ਬਲ ਹੈ ਜੋ ਗੁਰੂ ਸਾਹਿਬਾਨ ਦੁਆਰਾ ਉਪਦੇਸ਼ਾਂ ਰਾਹੀਂ ਵੀ ਅਤੇ ਗੁਰਬਾਣੀ ਰਾਹੀਂ ਵੀ ਇਸਤਰੀ ਦੇ ਪੱਖ ਵਿੱਚ ਦਿੱਤਾ ਗਿਆ ਹੈ ਕਿ ਉਹ ਇਸਤਰੀ ਨੂੰ ਮੰਦਾ ਹੀ ਕਿਉਂ ਬੋਲਿਆ ਜਾਵੇ ਜਿਸ ਨੇ ਸਾਨੂੰ ਸਭ ਨੂੰ ਜਨਮ ਦਿੱਤਾ ਹੈ।ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਤਾਂ ਮਾਤਾ ਖੀਵੀ ਜੀ ਨੂੰ ਖਡੂਰ ਸਾਹਿਬ ਵਿਖੇ ਲੰਗਰਾਂ ਦੇ ਇੰਚਾਰਜ ਥਾਪਿਆ ਹੋਇਆ ਸੀ। ਮਾਤਾ ਜੀ ਦੁਆਰਾ ਲੰਗਰ ਵਿੱਚ ਵਰਤਾਈ ਜਾਂਦੀ ਖੀਰ ਦੀ ਮਹਿਮਾ ਹਰੇਕ ਮਾਈ ਭਾਈ ਵਿਚ ਜਾਣੀ ਜਾਂਦੀ ਸੀ।

ਤੀਜੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਪ੍ਰੰਪਰਾ ਦੇ ਸਿਧਾਂਤਾਂ ਨੂੰ ਹੋਰ ਅੱਗੇ ਤੋਰਦਿਆਂ ਸਤੀ ਪ੍ਰਥਾ ਦਾ ਵਿਰੋਧ ਕੀਤਾ

'ਸਤੀਆ ਏਹ ਨਾ ਆਖੀਅਨ ਜੋ ਮੜੀਆ ਲਗ ਜਲੰਨ।
ਨਾਨਕ ਸਤੀਆ ਸੇਈ ਜਾਣੀਅਹਿ ਜੋ ਬਿਰਹਾ ਚੋਟ ਮਰੰਨਿ॥'

ਆਪਾਂ ਸਭ ਜਾਣਦੇ ਹਾਂ ਕਿ ਹਿੰਦੋਸਤਾਨ ਵਿੱਚ ਪਤੀ ਦੀ ਮੌਤ ਤੋਂ ਬਾਅਦ ਪਤੀ ਦੇ ਨਾਲ ਸੜ ਕੇ ਮਾਰਨ ਵਾਲੀ ਇਸਤਰੀ ਨੂੰ ਸਤੀ ਕਿਹਾ ਜਾਂਦਾ ਸੀ ਅਤੇ ਇਹ ਰਸਮ ਲਾਜ਼ਮੀ ਹੁੰਦੀ ਸੀ। ਇਹ ਵੀ ਜਾਣਦੇ ਹਾਂ ਕਿ ਬੰਗਾਲ ਦੇ "ਨਵ ਜਾਗਰਣ ਯੁੱਗ" ਦੇ ਪਿਤਾਮਾ ਅਤੇ "ਬ੍ਰਹਮੋ ਸਮਾਜ" ਦੇ ਸੰਸਥਾਪਕ ਰਾਜਾ ਰਾਮ ਮੋਹਨ ਰਾਏ ਨੇ 1812 ਈਸਵੀ ਵਿੱਚ ਇਸ ਘਾਤਕ ਪਰੰਪਰਾ ਵਿਰੁੱਧ ਆਵਾਜ਼ ਉਠਾਈ। ਪ੍ਰੰਤੂ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਰਾਜਾ ਰਾਮ ਮੋਹਨ ਰਾਏ ਤੋਂ ਬਹੁਤ ਸਮਾਂ ਪਹਿਲਾਂ ਹੀ ਇਸ ਪ੍ਰਥਾ ਦਾ ਵਿਰੋਧ ਕਰ ਦਿੱਤਾ ਸੀ। ਮੈਡਮ ਗੁਰਦੀਸ਼ ਕੌਰ ਗਰੇਵਾਲ ਅਨੁਸਾਰ :-

"ਉਨ੍ਹਾਂ ਨੇ (ਸ੍ਰੀ ਗੁਰੂ ਅਮਰਦਾਸ ਜੀ ਨੇ) ਅਕਬਰ ਬਾਦਸ਼ਾਹ ਨੂੰ ਕਹਿ ਕੇ ਸਤੀ ਪ੍ਰਥਾ ਬੰਦ ਕਰਵਾਉਣ ਲਈ ਕਾਨੂੰਨ ਬਣਵਾਇਆ । ਗੁਰੂ ਸਾਹਿਬਾਂ ਨੇ ਇਹ ਵੀ ਕਿਹਾ ਕਿ ਜੇ ਮਰਦ ਦੂਜਾ ਵਿਆਹ ਕਰਵਾ ਸਕਦਾ ਹੈ ਤਾਂ ਔਰਤ ਕਿਉਂ ਨਹੀਂ ?ਸੋ ਉਨ੍ਹਾਂ ਨੇ ਵਿਧਵਾ ਵਿਆਹ ਦੀ ਰੀਤ ਵੀ ਸ਼ੁਰੂ ਕੀਤੀ।ਸ੍ਰੀ ਗੁਰੂ ਅਮਰਦਾਸ ਜੀ ਨੇ ਔਰਤਾਂ ਦੇ ਪੱਖ ਵਿੱਚ ਬੇਹੱਦ ਕਰਾਂਤੀਕਾਰੀ ਰੀਤਾਂ ਸ਼ੁਰੂ ਕੀਤੀਆਂ ਅਤੇ ਸੰਗਤਾਂ ਨੂੰ ਇਨਾਂ ਤੇ ਅਮਲ ਕਰਨ ਦੀ ਤਾਕੀਦ ਕੀਤੀ। ਆਮ ਕਰਕੇ ਔਰਤਾਂ ਲਈ ਪਰਦੇ ਦੀ ਪ੍ਰਥਾ ਪ੍ਰਚਲਿਤ ਹੋਣ ਕਾਰਨ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਬੀਬੀਆਂ ਘੁੰਡ ਕੱਢ ਕੇ ਆਇਆ ਕਰਦੀਆਂ ਸਨ। ਗੁਰੂ ਸਾਹਿਬ ਨੇ ਸੰਗਤ ਨੂੰ ਹੁਕਮ ਕੀਤਾ ਕਿ ਸੰਗਤ ਵਿੱਚ ਕੋਈ ਵੀ ਬੀਬੀ ਘੁੰਡ ਕੱਢ ਕੇ ਨਾ ਆਵੇ। ਸੋ ਇਸ ਤਰ੍ਹਾਂ ਆਮ ਜੀਵਨ ਵਿਚ ਵੀ ਇਸਤਰੀਆਂ ਨੂੰ ਘੁੰਡ ਦੀ ਪ੍ਰਥਾ ਤੋਂ ਰਾਹਤ ਮਿਲੀ।ਮੰਜੀ ਪ੍ਰਥਾ ਦੌਰਾਨ ਆਪ ਜੀ ਨੇ ਗੁਰਮਤਿ ਪ੍ਰਚਾਰ ਲਈ ਵੱਖੋ ਵੱਖਰੇ ਥਾਵਾਂ ਤੇ 22 ਮੰਜੀਆਂ ਸਥਾਪਤ ਕੀਤੀਆਂ ਸਨ, ਜਿਨ੍ਹਾਂ ਵਿੱਚੋਂ ਦੋ ਮੰਜੀਆਂ (ਇਕ ਕਾਬਲ ਅਤੇ ਦੂਜੀ ਕਸ਼ਮੀਰ ) ਲਈ ਦੋ ਬੀਬੀਆਂ ਨੂੰ ਪ੍ਰਚਾਰਕ ਦੇ ਤੌਰ ਤੇ ਜ਼ਿੰਮੇਵਾਰੀ ਸੌਂਪੀ ਗਈ।ਛੇਵੇਂ ਪਾਤਸ਼ਾਹ ਨੇ "ਔਰਤ ਈਮਾਨ ਹੈ" ਕਹਿ ਕੇ ਇਸਤਰੀ ਜਾਤੀ ਦੀ ਵਡਿਆਈ ਕੀਤੀ। ਆਪ ਜੀ ਅਨੁਸਾਰ ਹਰੇਕ ਮਾਂ ਦੀ ਇਕ ਬੇਟੀ ਜ਼ਰੂਰ ਹੋਣੀ ਚਾਹੀਦੀ ਹੈ। ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ

ਸੀਲ ਖ਼ਾਨ ਕੰਨਿਆ ਇਕ ਹੋਵੈ।
ਨਹੀ ਤਾਂ ਮਾਂ ਗ੍ਰਿਹਸਤ ਵਿਗੋਵੈ।

ਗੁਰਮਤ ਵਿਚ ਔਰਤ ਮਰਦ ਦੀ ਕਮਜ਼ੋਰੀ ਵਜੋਂ ਨਹੀਂ ਸਗੋਂ ਤਾਕਤ ਦੇ ਤੌਰ ਤੇ ਪੇਸ਼ ਹੋਈ ਹੈ। ਬਲਕਿ ਗੁਰਮਤਿ ਫ਼ਲਸਫ਼ੇ ਅਨੁਸਾਰ ਔਰਤ ਆਪਣੇ ਆਪ ਵਿੱਚ ਇੱਕ ਸ਼ਕਤੀ ਹੈ ਜੋ ਸਦਾ ਹੀ ਸਤਿਕਾਰਯੋਗ ਹੈ। ਇਹੀ ਕਾਰਨ ਹੈ ਕਿ ਅਬਦਾਲੀ ਵਰਗੇ ਧਾੜਵੀਆਂ ਦੁਆਰਾ ਅਗਵਾ ਕੀਤੀਆਂ ਇਸਤਰੀਆਂ ਨੂੰ ਛਡਵਾਉਣ ਅਤੇ ਬਾਇੱਜ਼ਤ ਘਰੋ-ਘਰੀ ਪਹੁੰਚਾਉਣ ਵਰਗਾ ਜ਼ਿੰਮੇਵਾਰੀ ਅਤੇ ਦਲੇਰੀ ਭਰਿਆ ਕਾਰਜ ਖ਼ਾਲਸੇ ਦੇ ਹੀ ਹਿੱਸੇ ਆਇਆ। ਗੁਰਮਤਿ ਅਨੁਸਾਰ ਇਸਤਰੀ ਤਰਸ ਦੀ ਪਾਤਰ, ਕੁਲੱਛਣੀ,ਬਾਘਣ,ਘਾਤਣ ਅਤੇ ਪੈਰ ਦੀ ਜੁੱਤੀ ਨਹੀਂ। ਸਗੋਂ ਸਤਿਕਾਰਯੋਗ, ਨਿਮਰਤਾ ,ਸੰਜਮ, ਅਤੇ ਮਮਤਾ ਦੀ ਮੂਰਤ ਹੈ ।ਸਿੱਖ ਸਿਧਾਂਤਾਂ ਵਿੱਚ ਇਸਤਰੀ ਲਈ ਅਬਲਾ ਵਿਚਾਰੀ ਦਾ ਸੰਕਲਪ ਸਿਰਜਣ ਦੀ ਬਜਾਇ ਸ਼ੇਰਨੀ ,ਬਹਾਦਰ, ਨਿਡਰ ਅਤੇ ਲੋੜ ਪੈਣ ਤੇ ਚੰਡੀ ਵਾਲ਼ੇ ਰੂਪ ਨੂੰ ਸਿਰਜਿਆ ਅਤੇ ਉਭਾਰਿਆ ਗਿਆ ਹੈ।

ਬ੍ਰਹਮਣ ਕੈਲੀ ਘਾਤੁ ਕੰਜਕਾ ਅਣਚਾਰੀ ਕਾ ਧਾਨੁ।
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ।
(ਅੰਗ 1413)

ਰਹਿਤਨਾਮੇ ਅਨੁਸਾਰ:-
ਕੁੜੀਮਾਰ ਆਦਿਕ ਹੈ ਜੇਤੇ।
ਮਨ ਤੋਂ ਦੂਰ ਤਿਆਗੋ ਤੇਤੇ ।

ਦਾਜ ਮੰਗਣ ਜਾਂ ਦੇਣ ਬਾਰੇ ਵੀ ਨਾਸ਼ਵਾਨ ਵਸਤਾਂ ਦੀ ਬਜਾਇ 'ਹਰ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ' ਦੀ ਮੰਗ ਕੀਤੀ ਗਈ ਹੈ।

ਸਮੁੱਚੀ ਗੁਰਬਾਣੀ ਨੂੰ ਵਿਚਾਰਦਿਆਂ ਇਹ ਗੱਲ ਦ੍ਰਿੜ੍ਹ ਹੋ ਜਾਂਦੀ ਹੈ ਇਸਤਰੀ ਅੰਦਰਲੇ ਗੁਣ ਮਰਦ ਦੇ ਮੁਕਾਬਲੇ ਵੀ ਪ੍ਰਭੂ ਪ੍ਰਮੇਸ਼ਰ ਦੇ ਕਰਤਾਰੀ ਗੁਣਾਂ ਦੇ ਵਧੇਰੇ ਨੇੜੇ ਹਨ। ਇਹੀ ਕਾਰਨ ਹੈ ਕਿ ਸਮੁੱਚੀ ਗੁਰਬਾਣੀ ਵਿੱਚ ਮਨੁੱਖ ਜੀਵ ਇਸਤ੍ਰੀ ਵਾਚਕ ਨਾਂ ਨਾਲ ਹੀ ਸੰਬੋਧਨ ਕੀਤਾ ਗਿਆ ਹੈ।

ਇਸੁ ਜਗ ਮਹਿ ਪੁਰਖੁ ਏਕੁ ਹੈ
ਹੋਰ ਸਗਲੀ ਨਾਰ ਸਬਾਈ॥

ਇਹ ਸਿੱਖ ਧਰਮ ਹੀ ਹੈ ਜਿਸ ਵਿੱਚ ਇਸਤਰੀ ਸਤਿਕਾਰ ਅਤੇ ਮਾਣ ਵਜੋਂ ਪ੍ਰਵਾਣਿਤ ਹੈ ।ਮਾਤਾ ਖੀਵੀ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਗੁਜਰੀ ਜੀ, ਮਾਤਾ ਜੀਤੋ ਜੀ, ਮਾਈ ਭਾਗੋ ,ਮਾਤਾ ਸਾਹਿਬ ਕੌਰ ਜੀ, ਬੀਬੀ ਨਾਨਕੀ, ਬੀਬੀ ਵੀਰੋ ਜੀ ਦਾ ਨਾਂ ਲੈਂਦਿਆਂ ਹਰੇਕ ਦਾ ਸਤਿਕਾਰ ਵਿਚ ਝੁਕ ਜਾਂਦਾ ਹੈ।

ਗੁਰਬਾਣੀ ਵਿਚ ਥਾਂ ਥਾਂ ਜ਼ਿਕਰ ਹੈ ਕਿ ਨਾਰੀ ਅਤੇ ਪੁਰਖ ਵਿੱਚ ਕੋਈ ਅੰਤਰ ਨਹੀਂ

ਕਉਨ ਕੋ ਪੁਰਖੁ ਕਉਨ ਕੋ ਨਾਰੀ।
ਇਆ ਤਤ ਲੇਹੁ ਸਰੀਰ ਬੀਚਾਰੀ॥
(ਭਗਤ ਕਬੀਰ ਜੀ,ਅੰਗ 331)

ਨਾਰੀ ਪੁਰਖੁ ਪੁਰਖੁ ਸਭ ਨਾਰੀ।
ਸਭੁ ਏਕੋ ਪੁਰਖੁ ਮੁਰਾਰੇ (ਮ:4,ਅੰਗ 983)
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ
ਬੂਝਹੁ ਬ੍ਰਹਮ ਗਿਆਨੀ(ਅੰਗ879)
ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ।
ਸਤਿਗੁਰ ਸੇਵਿ ਸੁਖੁ ਪਾਇਆ
ਵਿਚਹੁ ਗਇਆ ਗੁਮਾਨ(ਅੰਗ32)

ਸਮੁੱਚੀ ਗੁਰਬਾਣੀ, ਗੁਰਮਤਿ ਫ਼ਲਸਫ਼ਾ ਅਤੇ ਸਿਧਾਂਤ ਮੂਲ ਰੂਪ ਵਿਚ ਇਸਤਰੀ ਨੂੰ ਸ਼ਕਤੀ ਅਤੇ ਬਲ ਬਖ਼ਸ਼ਦੇ ਹਨ। ਲੋੜ ਇਸ ਗੱਲ ਦੀ ਹੈ ਕਿ ਅਸੀਂ ਉਸ ਬਲ ਨੂੰ ਗ੍ਰਹਿਣ ਕਰੀਏ ਉਸ ਸ਼ਕਤੀ ਨੂੰ ਆਤਮਸਾਤ ਕਰੀਏ।

ਇਸ ਵੇਲੇ ਸਿਰਫ਼ ਇਹ ਸਮਝਣ ਦੀ ਲੋੜ ਹੈ ਕਿ ਮਰਦ ਅਤੇ ਇਸਤਰੀ ਇੱਕ ਦੂਜੇ ਦੇ ਸਹਿਯੋਗੀ,ਸਹਿਭਾਗੀ ਅਤੇ ਪੂਰਕ ਹਨ ਨਾ ਕਿ ਵਿਰੋਧੀ। ਜਿਵੇਂ ਕਾਲ਼ੇ ਦਾ ਵਿਰੋਧੀ ਸ਼ਬਦ ਗੋਰਾ ਜਾਂ ਚਿੱਟਾ,ਉੱਚੇ ਦਾ ਵਿਰੋਧੀ ਨੀਵਾਂ। ਇਸਤਰੀ ਦੀ ਆਜ਼ਾਦੀ ਦੇ ਨਾਂ ਤੇ ਮਰਦ ਔਰਤ ਸੰਬੰਧਾਂ ਨੂੰ ਜੰਗ ਦੇ ਮੈਦਾਨ ਵਰਗਾ ਬਣਾਉਣਾ ਕਿਸੇ ਤਰ੍ਹਾਂ ਦੀ ਨਿਆਂਇਕ ਅਤੇ ਤਰਕ ਸੰਗਤ ਨਹੀਂ ਹੋ ਸਕਦਾ। ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਬਲ ਦੀ ਬਖਸ਼ਿਸ਼ ਕੀਤੀ ਹੈ,ਜੋ ਆਤਮਕ ਸ਼ਕਤੀ ਦੇ ਨਾਲ਼ ਨਾਲ਼ ਆਤਮ ਸਨਮਾਨ ਅਤੇ ਸ਼ਕਤੀ ਦਾ ਪ੍ਰਤੀਕ ਹੈ। ਪ੍ਰੰਤੂ ਉਸ ਬਲ ਅਤੇ ਸ਼ਕਤੀ ਦੇ ਪ੍ਰਯੋਗ ਰਾਹੀਂ ਦਮਨਕਾਰੀ ਨੀਤੀ ਅਪਣਾਉਣ ਦੀ ਸਿੱਖਿਆ ਨਹੀਂ ਦਿੱਤੀ ਗਈ।ਆਓ ਗੁਰਬਾਣੀ ਵਿਚੋਂ ਮਿਲ਼ੇ ਬਲ ਨੂੰ ਆਤਮ ਸਨਮਾਨ, ਆਤਮ ਨਿਰਭਰਤਾ ਅਤੇ ਪ੍ਰੇਮ ਸਹਿਤ ਆਤਮਸਾਤ ਕਰੀਏ।ਸਦਾ ਚੜ੍ਹਦੀ ਕਲਾ ਵਿੱਚ ਰਹੀਏ।

ਸੁਰਿੰਦਰ ਪਾਲ ਕੌਰ; ਸੰਪਰਕ:-70097-15355, 98787-57904




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫ਼ਤਿਹ | ਪੰਥ ਕੀ ਜੀਤ

11 ਮਾਰਚ, ਦਿਨ ਸ਼ਨਿੱਚਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
11 ਮਾਰਚ, ਦਿਨ ਸ਼ਨਿੱਚਰਵਾਰ........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਬਲਰਾਜ ਸਿੰਘ ਹੁੰਡਲ ਅਤੇ ਪਰਿਵਾਰ ਵਲੋਂ ਹੋਵੇਗੀ।
11 ਮਾਰਚ, ਦਿਨ ਸ਼ਨਿੱਚਰਵਾਰ........ਸਵੇਰ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਬਲਦੇਵ ਸਿੰਘ ਗਰੇਵਾਲ ਵਲੋਂ ਹੋਵੇਗੀ।
12 ਮਾਰਚ, ਦਿਨ ਐਤਵਾਰ...........ਸਵੇਰ ਨੂੰ ਹੋਲਾ ਮਹੱਲਾ ਦਿਹਾੜਾ ਮਨਾਉਣ ਹਿਤ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
12 ਮਾਰਚ, ਦਿਨ ਐਤਵਾਰ...........ਬਾਅਦ ਦੁਪਹਿਰ 2:30 ਵਜੇ ਸਵ. ਭਾਈ ਭਾਗ ਸਿੰਘ ਲਾਂਜੀ ਦੀ ਆਤਮਿਕ ਸ਼ਾਂਤੀ ਨਮਿੱਤ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
14 ਮਾਰਚ, ਦਿਨ ਮੰਗਲਵਾਰ..........ਸੰਗਰਾਂਦ ਹੈ, ਸ਼ਾਮ ਨੂੰ ਦੀਵਾਨ ਸਜਣਗੇ।
15 ਮਾਰਚ, ਦਿਨ ਬੁੱਧਵਾਰ............ਸਵੇਰੇ 12:30 ਵਜੇ ਸਵ. ਬੀਬੀ ਹਰਭਜਨ ਕੌਰ ਬੰਗੜ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
18 ਮਾਰਚ, ਦਿਨ ਸ਼ਨਿੱਚਰਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਤੇਜਪਾਲ ਸਿੰਘ ਕੈਲੇ ਅਤੇ ਪਰਿਵਾਰ ਵਲੋਂ ਹੋਵੇਗੀ।
19 ਮਾਰਚ, ਦਿਨ ਐਤਵਾਰ...........ਸਵੇਰ ਨੂੰ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜੋਤੀ ਜੋਤ ਦਿਹਾੜਾ ਮਨਾਇਆ ਜਾਵੇਗਾ।
19 ਮਾਰਚ, ਦਿਨ ਐਤਵਾਰ...........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਮਰਜੀਤ ਸਿੰਘ ਖੱਖ ਅਤੇ ਪਰਿਵਾਰ ਵਲੋਂ ਹੋਵੇਗੀ।
19 ਮਾਰਚ, ਦਿਨ ਐਤਵਾਰ...........ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਸੰਜੂ ਮਿਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

ਅੰਮ੍ਰਿਤ ਸੰਚਾਰ

15 ਅਪ੍ਰੈਲ 2023, ਦਿਨ ਸ਼ਨਿੱਚਰਵਾਰ
ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ। ਅੰਮ੍ਰਿਤ ਅਭਿਲਾਖੀ ਆਪਣੇ ਨਾਮ ਪ੍ਰਬੰਧਕਾਂ ਪਾਸ ਦਰਜ ਕਰਵਾਉਣ ਦੀ ਕਿਰਪਾਲਤਾ ਕਰਨ ਜੀ। ਧੰਨਵਾਦੀ ਹੋਵਾਂਗੇ।
16 ਅਪ੍ਰੈਲ 2023, ਦਿਨ ਐਤਵਾਰ
ਸ਼ਾਮ ਨੂੰ ਬਾਅਦ ਦੁਪਹਿਰ 2:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ। ਸਰਬੱਤ ਨੂੰ ਬੇਨਤੀ ਹੈ ਕਿ ਇਸ ਸਮੇਂ ਵੀ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ



ਵਿੱਕੀ ਵਾਰ-ਵਾਰ ਰਸੋਈ ਵਿੱਚ ਜਾਂਦਾ, ਖੰਡ ਦੇ ਡੱਬੇ ਨੂੰ ਖੋਲ੍ਹ ਕੇ ਕੁਝ ਦੇਖਦਾ, ਫਿਰ ਬੰਦ ਕਰ ਦਿੰਦਾ। ਉਹ ਦੇਖ ਕੇ ਪਤਨੀ ਨੇ ਕਿਹਾ, ''ਤੁਸੀਂ ਕੀ ਕਰ ਰਹੇ ਹੋ?''

ਵਿੱਕੀ, ''ਡਾਕਟਰ ਨੇ ਸ਼ੂਗਰ ਲੈਵਲ ਚੈੱਕ ਕਰਨ ਨੂੰ ਕਿਹਾ ਹੈ।''

*******



ਪਤੀ, ''ਚਾਹ ਬਣਾ ਦੇ ਜਲਦੀ।''

ਪਤਨੀ, ''ਖੁਦ ਬਣਾ ਲਵੋ ਨਾ।''

ਪਤੀ: ''ਤੈਨੂੰ ਕੀ ਸਮੱਸਿਆ ਹੈ?''

ਪਤਨੀ, ''ਹਾਂ, ਤਾਂ ਮੇਰੇ ਵੀ ਗਲੇ ਵਿੱਚ ਦਰਦ ਹੈ।''

ਪਤੀ, ''ਠੀਕ ਹੈ, ਇੱਧਰ ਆ, ਤੂੰ ਮੇਰਾ ਸਿਰ ਘੁਟ ਦੇ ਤੇ ਮੈਂ ਤੇਰਾ ਗਲਾ ਘੁਟ ਦਿੰਨਾ ਹਾਂ।''

*******



ਭੋਲੂ (ਸੁਰਜੀਤ ਨੂੰ), ''ਤੂੰ ਟੀ ਵੀ ਦੇਖਦੇ ਹੋਏ ਰੋ ਕਿਉਂ ਰਿਹਾ ਸੀ? ਇੰਝ ਕਰਨਾ ਚੰਗਾ ਨਹੀਂ ਲੱਗਦਾ।''

ਸੁਰਜੀਤ, ''ਮੈਨੂੰ ਵੀ ਚੰਗਾ ਨਹੀਂ ਲੱਗਦਾ, ਪਰ ਕੀ ਕਰਾਂ ਇਹ ਮੇਰੇ ਵਿਆਹ ਦੀ ਸੀ ਡੀ ਹੈ।''

*******

ਪੱਪੂ ਨਾਮ ਦਾ ਇੱਕ ਬੱਚਾ ਗਾਇਬ ਹੋ ਗਿਆ ਤਾਂ ਉਸ ਦੇ ਮਾਤਾ ਪਿਤਾ ਨੇ 'ਵ੍ਹੱਟਸਐਪ' ਉੱਪਰ ਉਸ ਦੀ ਫੋਟੋ ਪਾਕੇ ਕਿਹਾ ਕਿ ਸਾਡੇ ਬੱਚੇ ਨੂੰ ਲੱਭਣ ਚ ਮਦਦ ਕਰੋ ਤੇ ਇਹ ਫ਼ੋਟੋ ਫਾਰਵਰਡ ਕਰੋ । ਪੱਪੂ ਉਸੇ ਦਿਨ ਸ਼ਾਮ ਨੂੰ ਘਰ ਆ ਗਿਆ ਲੇਕਿਨ ਅੱਜ ਤੱਕ ਵੀ ਉਸ ਦੀ ਫੋਟੋ ਫਾਰਵਰਡ ਹੋ ਰਹੀ ਹੈ।ਪੱਪੂ ਜਿੱਥੇ ਵੀ ਜਾਂਦਾ ਹੈ ਲੋਕ ਉਸ ਨੂੰ ਫੜ ਕੇ ਘਰ ਛੱਡ ਆਉਂਦੇ ਹਨ!

*******



ਸੰਤਾ (ਆਪਣੀ ਮਾਂ ਨੂੰ) - ਮਾਂ ਖੁਸ਼ਖਬਰੀ ਹੈ,

ਅਸੀਂ ਦੋ ਤਿੰਨ ਹੋ ਗਏ ਹਾਂ...

ਮਾਂ - ਵਧਾਈ ਹੋਵੇ ਬੇਟਾ, ਕੀ ਹੋ ਗਿਆ

ਪੁੱਤਰ ਜਾਂ ਧੀ?

ਸੰਤਾ - ਨਾ ਪੁੱਤਰ, ਨਾ ਧੀ,

ਮੇਰਾ ਦੂਜਾ ਵਿਆਹ ਹੋ ਗਿਆ।

*******

ਇੱਕ ਕੰਜੂਸ ਦਾ ਮੁੰਡਾ ਆਪਣੀ ਸਹੇਲੀ ਨਾਲ ਡੇਟ ਤੇ ਗਿਆ,

ਜਦੋਂ ਮੈਂ ਘਰ ਵਾਪਸ ਆਇਆ,

ਕੰਜੂਸ (ਗੁੱਸੇ ਵਿੱਚ) - ਤੁਸੀਂ ਕਿੰਨੇ ਪੈਸੇ ਖਰਚ ਕੀਤੇ,

ਪੁੱਤਰ- 500,

ਕੰਜੂਸ (ਗੁੱਸੇ) - 500,,,

ਬੇਟਾ - ਹਾਂ ਉਹ ਏਨੇ ਹੀ ਲੈਕੇ ਆਈ ਸੀ।

*******

ਚਿੰਪੂ (ਡਾਕਟਰ ਨੂੰ), ''ਤੁਸੀਂ ਨਰਸ ਬਹੁਤ ਹੀ ਚੰਗੀ ਰੱਖੀ ਹੈ, ਉਸਦੇ ਹੱਥ ਲਾਉਂਦੇ ਹੀ ਮੈਂ ਠੀਕ ਹੋ ਗਿਆ।''

ਡਾਕਟਰ, ''ਮੈਂ ਜਾਣਦਾ ਹਾਂ, ਹੱਥ ਲੱਗਣ ਦੀ ਆਵਾਜ਼ ਬਾਹਰ ਬੈਠੇ ਨੂੰ ਮੈਨੂੰ ਸੁਣ ਗਈ ਸੀ।''

........

ਮਾਲਕ (ਨੌਕਰ ਨੂੰ), ''ਜ਼ਰਾ ਦੇਖ ਕੇ ਦੱਸੀਂ ਕਿ ਟਾਈਮ ਕਿੰਨਾ ਹੋ ਗਿਐ?''

ਨੌਕਰ, ''ਜੀ, ਮੈਨੂੰ ਟਾਈਮ ਦੇਖਣਾ ਨਹੀਂ ਆਉਂਦਾ।''

ਮਾਲਕ, ''ਅੱਛਾ ਤਾਂ ਇਹ ਦੇਖ ਕੇ ਦੱਸ ਕਿ ਛੋਟੀ ਸੂਈ ਤੇ ਵੱਡੀ ਸੂਈ ਕਿਥੇ ਹਨ।''

ਨੌਕਰ, ''ਸਾਬ੍ਹ ਜੀ, ਦੋਵੇਂ ਸੂਈਆਂ ਘੜੀ ਵਿੱਚ ਹੀ ਹਨ।''

*******

ਪੱਪੂ ਦੀ ਦੋ ਕਰੋੜ ਦੀ ਲਾਟਰੀ ਨਿਕਲੀ..

ਲਾਟਰੀਵਾਲਾ, ''ਸਰ, ਤੁਹਾਨੂੰ ਟੈਕਸ ਕੱਟ ਕੇ 1.75 ਕਰੋੜ ਮਿਲਣਗੇ।''

ਪੱਪੂ, ''ਅਜਿਹਾ ਕਿਉਂ, ਮੈਂ ਦੋ ਕਰੋੜ ਦੀ ਲਾਟਰੀ ਦਾ ਟਿਕਟ ਖ਼ਰੀਦਿਆ ਸੀ?''

ਲਾਟਰੀਵਾਲਾ, ''ਦੇਖੋ ਸਰ, ਸਰਕਾਰ ਟੈਕਸ ਕੱਟ ਕੇ ਪੈਸੇ ਦਿੰਦੀ ਹੈ।''

ਪੱਪੂ, ''ਇਹ ਗ਼ਲਤ ਹੈ, ਮੈਨੂੰ ਮੇਰੇ ਪੂਰੇ ਦੋ ਕਰੋੜ ਦਿਓ ਨਹੀਂ ਤਾਂ ਮੇਰੇ ਟਿਕਟ ਦੇ 100 ਰੁਪਏ ਵਾਪਸ ਕਰੋ।''

*******

ਵੀਰੂ ਨੇ ਹੋਟਲ ਦੇ ਕਾਊਂਟਰ ਉੱਤੇ ਆ ਕੇ ਕਿਹਾ, ''ਬਈ ਮਜ਼ਾ ਆ ਗਿਆ। ਤੁਹਾਡੀ ਆਈਸ ਕਰੀਮ ਖਾ ਕੇ ਤਾਂ ਦਿਮਾਗ ਉੱਤੇ ਠੰਢਾ ਨਸ਼ਾ ਛਾ ਗਿਆ। ਇਸ ਨੂੰ ਹਟਾਉਣ ਲਈ ਕੋਈ ਚੀਜ਼ ਹੋਣੀ ਚਾਹੀਦੀ ਏ।''

''ਜੀ ਹਾਂ।'' ਮੈਨੇਜਰ ਨੇ ਕਿਹਾ ਨੇ ਕਿਹਾ, ''ਇਹ ਲਓ ਤੁਹਾਡਾ ਭਾਰੀ ਭਰਕਮ ਬਿੱਲ।''

*******

ਇੱਕ ਆਦਮੀ ਦੀ ਅਰਥੀ ਕੁਝ ਲੋਕ ਐਂਬੂਲੈਂਸ ਵਿੱਚ ਲੈ ਕੇ ਜਾ ਰਹੇ ਸਨ, ਪ੍ਰੰਤੂ ਚਲਾ ਕੇ ਨਹੀਂ, ਬਲਕਿ ਧੱਕਾ ਦੇ ਕੇ ਲਿਜਾ ਰਹੇ ਸਨ।

ਇੱਕ ਆਦਮੀ ਨੇ ਪੁੱਛਿਆ, ''ਮਰਨ ਵਾਲੇ ਦੀ ਅੰਤਿਮ ਇੱਛਾ ਕੀ ਸੀ?''

ਦੂਸਰੇ ਨੇ ਜਵਾਬ ਦਿੱਤਾ, ''ਹਰ ਹਾਲ ਵਿੱਚ ਪੈਟਰੋਲ ਦੀ ਬੱਚਤ ਕਰਨੀ ਹੈ।''

*******

ਵੀਰੂ ਨੇ ਕਮਲ ਨੂੰ ਦੱਸਿਆ, ''ਇਹ ਸੋਨੇ ਦਾ ਕੱਪ ਮੈਂ ਦੌੜ ਵਿੱਚ ਫਸਟ ਆਉਣ ਕਾਰਨ ਹਾਸਲ ਕੀਤਾ ਹੈ।''

ਕਮਲ, ''ਬਹੁਤ ਖੂਬ। ਤੇਰੇ ਪਿੱਛੇ ਕਿੰਨੇ ਲੋਕ ਸਨ।''

ਵੀਰੂ, ''ਤਿੰਨ। ਇੱਕ ਤਾਂ ਇਸ ਕੱਪ ਦਾ ਮਾਲਕ ਅਤੇ ਦੋ ਸਿਪਾਹੀ।

*******

ਇਕ ਜਨਾਬ ਘਬਰਾਏ ਹੋਏ ਆਏ ਤੇ ਘਰ ਵਾਲੀ ਨੂੰ ਮਹਿੰਦਰ, ''ਯਾਰ! ਮੈਨੂੰ ਉਸ ਕੁੜੀ ਤੋਂ ਬਚਾ।''

ਵਿਨੋਦ, ''ਕਿਉਂ?''

ਮਹਿੰਦਰ, ''ਜਦੋਂ ਤੋਂ ਮੈਂ ਕਿਹਾ ਹੈ ਕਿ ਦਿਲ ਚੀਰ ਕੇ ਦੇਖ, ਇਸ ਵਿੱਚ ਤੇਰਾ ਹੀ ਨਾਂ ਲਿਖਿਆ ਹੋਵੇਗਾ, ਸਾਲੀ ਚਾਕੂ ਲੈ ਕੇ ਮੇਰੇ ਪਿੱਛੇ ਹੀ ਪੈ ਗਈ ਹੈ।''

********

ਵਿਆਹ ਦੌਰਾਨ ਕੁੜੀ ਸ਼ਰਮਾਉਂਦੀ ਹੋਈ ਬੋਲੀ,''ਸੁਣੋ ਜੀ, ਅੱਜ ਤੋਂ ਤੁਹਾਡੇ ਬਿਨਾਂ ਮੈਂ ਨਹੀਂ ਅਤੇ ਮੇਰੇ ਬਿਨਾਂ ਤੁਸੀਂ ਨਹੀਂ।'' ਵਿਆਹ ਤੋਂ ਚਾਰ ਸਾਲ ਬਾਅਦ ਉਹੋ ਪਤਨੀ, ''ਕੁੱਤੇ ਰੁੱਕ ਜਾ, ਅੱਜ ਜਾਂ ਤੂੰ ਨਹੀਂ ਜਾਂ ਮੈਂ ਨਹੀਂ।''

********

ਗਰਲਫ੍ਰੈਂਡ, ''ਇਸ ਹਫਤੇ ਰੋਜ਼ ਸ਼ਾਪਿੰਗ ਕਰਾਂਗੇ, ਅਗਲੇ ਹਫਤੇ ਰੋਜ਼ ਫਿਲਮਾਂ ਦੇਖਾਂਗੇ।''

ਬੁਆਏਫਰੈਂਡ, ''ਉਸ ਤੋਂ ਅਗਲੇ ਹਫਤੇ ਰੋਜ਼ ਮੰਦਰ ਜਾਵਾਂਗੇ।'' ਗਰਲਫਰੈਂਡ, ''ਉਹ ਕਿਉਂ?'' ਬੁਆਏਫ੍ਰੈਂਡ, ''ਭੀਖ ਮੰਗਾਂਗੇ।''

********

ਇੱਕ ਸ਼ਰਾਬੀ ਨੇ ਆਪਣੀ ਪਤਨੀ ਨੂੰ ਆਫਿਸ ਪਾਰਟੀ ਤੋਂ ਐਸ ਐਮ ਐਸ ਕੀਤਾ, 'ਪਾਰਟੀ ਖਤਮ ਹੋਣ ਵਾਲੀ ਹੈ, ਇਹ ਆਖਰੀ ਪੈਗ ਹੈ, ਮੈਂ ਅੱਧੇ ਘੰਟੇ ਵਿੱਚ ਘਰ ਪਹੁੰਚ ਜਾਵਾਂਗਾ, ਜੇ ਨਾ ਪਹੁੰਚਿਆ ਤਾਂ ਇਸ ਐਸ ਐਮ ਐਸ ਨੂੰ ਮੁੜ ਪੜ੍ਹ ਲਵੀਂ, ਯੂਅਰ ਲਵ।'

********

ਪ੍ਰੇਮੀ-ਪ੍ਰੇਮਿਕਾ ਨੇ ਜਦ ਇੱਕ ਦੂਜੇ ਨਾਲ ਵਿਆਹ ਕਰਨ ਦਾ ਵਾਅਦਾ ਕਰ ਲਿਆ ਤਾਂ ਪ੍ਰੇਮਿਕਾ ਬੋਲੀ, 'ਡਾਰਲਿੰਗ, ਇੱਕ ਗੱਲ ਮੈਂ ਸਾਫ ਦੱਸ ਦਿਆਂ ਕਿ ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ।'

ਪ੍ਰੇਮੀ, ''ਕੋਈ ਗੱਲ ਨਹੀਂ ਡਾਰਲਿੰਗ, ਮੈਂ ਵੀ ਪਹਿਲਾਂ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਕਵੀ ਹਾਂ ਅਤੇ ਮੇਰੇ ਘਰ 'ਚ ਪਕਾਉਣ ਲਈ ਕੁਝ ਹੈ ਹੀ ਨਹੀਂ।''

********

ਮਹਾਤਮਾ (ਸ਼ਰਾਬੀ ਨੂੰ), ''ਤੇਰੇ ਸਾਹਾਂ 'ਚ ਸ਼ਰਾਬ ਦੀ ਇੰਨੀ ਬਦਬੂ ਆਉਂਦੀ ਹੈ ਕਿ ਤੈਨੂੰ ਸਵਰਗ 'ਚ ਤਾਂ ਕੀ, ਨਰਕ 'ਚ ਵੀ ਜਗ੍ਹਾ ਨਹੀਂ ਮਿਲੇਗੀ...।''

ਸ਼ਰਾਬੀ, ''...ਪਰ ਮਹਾਤਮਾ ਜੀ, ਮਰਨ ਤੋਂ ਬਾਅਦ ਤਾਂ ਮੈਂ ਆਪਣੇ ਸਾਹ ਇਥੇ ਹੀ ਛੱਡ ਜਾਵਾਂਗਾ।''

********

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ।

ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।''

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।''

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ। ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।''

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।

********

ਕੁੜੀ (ਵੇਟਰ ਨੂੰ), ''ਇਹ ਜੋ ਸਾਹਮਣੇ ਮੁੰਡਾ ਬੈਠਾ ਹੈ, ਇਸ ਦਾ ਨਾਂ ਕੀ ਹੈ?''

ਵੇਟਰ, ''ਇਹ ਤਾਂ ਪੰਕਜ ਹੈ।''

ਕੁੜੀ, ''ਇਹ ਮੈਨੂੰ ਪਿਛਲੇ ਇਕ ਘੰਟੇ ਤੋਂ ਪਰੇਸ਼ਾਨ ਕਰ ਰਿਹਾ ਹੈ।''

ਵੇਟਰ, ''...ਪਰ ਉਹ ਤਾਂ ਤੁਹਾਡੇ ਵੱਲ ਦੇਖ ਵੀ ਨਹੀਂ ਰਿਹਾ।''

ਕੁੜੀ, ''ਇਹੋ ਤਾਂ ਪ੍ਰੇਸ਼ਾਨੀ ਹੈ।''

********


# AMAYA LIVING



**60 LUXURIOUS CONDOS**

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

**KITCHEN**

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology

• Full size stainless steel appliances: refrigerator, stove, dish washer, hood fan and microwave • Garburator

**BATHROOM**

• Large mirror with light bar • Under-mount porcelain sink with modern single lever faucet • Master with full stand up shower and full height ceramic tiles

• Modern bathroom accessories **WARRANTY • 2-5-10 year**

# PH:778-885.6700

**Add:140 St & 108 Ave, Surrey, BC V3T 4N8**

**E-mail: info@amayaliving.ca**



# GARCHA Plumbing Heating & Repair Ltd.




**ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ**

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

**Amarjit Singh Garcha**

**604-306-3276**

Big Or Small, We Do It All

# ਕੇਂਦਰੀ ਏਜੰਸੀਆਂ ਦੀ 'ਦੁਰਵਰਤੋਂ' ਖ਼ਿਲਾਫ਼ ਵਿਰੋਧੀ ਪਾਰਟੀਆਂ ਵੱਲੋਂ ਮੋਦੀ ਨੂੰ ਪੱਤਰ

## ਪੱਤਰ 'ਤੇ ਕੇਜਰੀਵਾਲ, ਮਾਨ, ਮਮਤਾ, ਤੇਜਸਵੀ, ਪਵਾਰ, ਅਬਦੁੱਲ੍ਹਾ, ਠਾਕਰੇ ਤੇ ਅਖਿਲੇਸ਼ ਦੇ ਹਸਤਾਖ਼ਰ

ਹੈਦਰਾਬਾਦ:-ਵਿਰੋਧੀ ਧਿਰਾਂ ਦੇ ਮੈਂਬਰਾਂ ਖ਼ਿਲਾਫ਼ ਕੇਂਦਰੀ ਏਜੰਸੀਆਂ ਦੀ ਕਥਿਤ 'ਸ਼ਰੇਆਮ ਦੁਰਵਰਤੋਂ' ਖ਼ਿਲਾਫ਼ ਨੌਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਾਂਝਾ ਪੱਤਰ ਲਿਖਿਆ ਹੈ। ਪੱਤਰ ਉਤੇ ਹਸਤਾਖ਼ਰ ਕਰਨ ਵਾਲਿਆਂ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਤੇਜਸਵੀ ਯਾਦਵ (ਆਰਜੇਡੀ), ਸ਼ਰਦ ਪਵਾਰ (ਐੱਨਸੀਪੀ), ਫਾਰੂਕ ਅਬਦੁੱਲ੍ਹਾ (ਐੱਨਸੀ), ਊਧਵ ਠਾਕਰੇ (ਸ਼ਿਵ ਸੈਨਾ, ਯੂਬੀਟੀ) ਤੇ ਅਖਿਲੇਸ਼ ਯਾਦਵ (ਸਪਾ) ਸ਼ਾਮਲ ਹਨ। ਉਨ੍ਹਾਂ ਪੱਤਰ ਵਿਚ ਲਿਖਿਆ, 'ਵਿਰੋਧੀ ਧਿਰਾਂ ਦੇ ਮੈਂਬਰਾਂ ਵਿਰੁੱਧ ਕੇਂਦਰੀ ਏਜੰਸੀਆਂ ਦੀ ਸ਼ਰੇਆਮ ਦੁਰਵਰਤੋਂ ਤੋਂ ਜਾਪਦਾ ਹੈ ਕਿ ਅਸੀਂ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਵਧ ਗਏ ਹਾਂ...ਚੋਣ ਮੈਦਾਨ ਤੋਂ ਬਾਹਰ ਬਦਲਾਖੋਰੀ ਤਹਿਤ ਕੇਂਦਰੀ ਏਜੰਸੀਆਂ ਅਤੇ ਰਾਜਪਾਲ ਦੇ ਦਫ਼ਤਰ ਜਿਹੀਆਂ ਸੰਵਿਧਾਨਕ ਇਕਾਈਆਂ ਦੀ ਦੁਰਵਰਤੋਂ ਦੀ ਸਖ਼ਤ ਨਿਖੇਧੀ ਕਰਨੀ ਬਣਦੀ ਹੈ ਕਿਉਂਕਿ ਇਹ ਸਾਡੇ ਲੋਕਤੰਤਰ ਲਈ ਚੰਗਾ ਨਹੀਂ ਹੈ।' ਸੀਬੀਆਈ ਵੱਲੋਂ ਆਬਕਾਰੀ ਨੀਤੀ 'ਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਗ੍ਰਿਫ਼ਤਾਰੀ ਦਾ ਹਵਾਲਾ ਦਿੰਦਿਆਂ ਆਗੂਆਂ ਨੇ ਕਿਹਾ ਕਿ 'ਆਪ' ਆਗੂਆਂ ਖ਼ਿਲਾਫ਼ ਦੋਸ਼ 'ਬੇਬੁਨਿਆਦ ਹਨ ਤੇ ਇਨ੍ਹਾਂ ਵਿਚੋਂ ਸਿਆਸੀ ਸਾਜ਼ਿਸ਼ ਦੀ ਬੂ ਆ ਰਹੀ ਹੈ।' ਉਨ੍ਹਾਂ ਕਿਹਾ ਕਿ ਸਿਸੋਦੀਆ ਦੀ ਗ੍ਰਿਫ਼ਤਾਰੀ ਤੋਂ ਪੂਰੇ ਮੁਲਕ ਦੇ ਲੋਕ ਖ਼ਫਾ ਹਨ।

# ਮੋਦੀ ਭਾਰਤ ਨੂੰ ਬਰਬਾਦ ਕਰ ਰਿਹਾ ਹੈ:ਰਾਹੁਲ

ਲੰਡਨ:ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਕੈਂਬਰਿਜ ਯੂਨੀਵਰਸਿਟੀ ਵਿੱਚ ਭਾਰਤੀ ਲੋਕਤੰਤਰ ਉੱਤੇ ਇੱਕ ਹੋਰ ਭਾਸ਼ਣ ਦਿੱਤਾ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੋਦੀ ਭਾਰਤ ਦੀ ਬਣਤਰ ਨੂੰ ਵਿਗਾੜ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਵਿੱਚ ਲੋਕਤੰਤਰ ਖਤਰੇ ਵਿੱਚ ਹੈ। ਉਸਨੇ ਆਪਣੇ ਫੋਨ 'ਤੇ ਇਜ਼ਰਾਈਲੀ ਜਾਸੂਸੀ ਸਾਫਟਵੇਅਰ ਪੈਗਾਸਸ ਹੋਣ ਦਾ ਦਾਅਵਾ ਵੀ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਾਫਟਵੇਅਰ ਭਾਰਤ ਦੇ ਕਈ ਹੋਰ ਨੇਤਾਵਾਂ ਦੇ ਫੋਨਾਂ ਵਿੱਚ ਵੀ ਲਗਾਇਆ ਗਿਆ ਸੀ। ਉਨ੍ਹਾਂ ਭਾਰਤ ਵਿੱਚ ਘੱਟ ਗਿਣਤੀਆਂ ਦੀ ਹਾਲਤ ਉੱਤੇ ਵੀ ਚਿੰਤਾ ਪ੍ਰਗਟਾਈ। ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ 'ਚ ਘੱਟ ਗਿਣਤੀਆਂ 'ਤੇ ਹਮਲੇ ਹੋ ਰਹੇ ਹਨ। ਸਿਖਾਂ ਤੇ ਮੁਸਲਮਾਨਾਂ ਨੂੰ ਭਾਰਤ ਦਾ ਦੂਜੇ ਨੰਬਰ ਦਾ ਨਾਗਰਿਕ ਸਮਝਿਆ ਜਾ ਰਿਹਾ।ਉਨ੍ਹਾਂ ਕਿਹਾ ਕਿ ਸਾਰੇ ਅਦਾਰੇ ਸਰਕਾਰ ਦੇ ਕੰਟਰੋਲ ਹੇਠ ਹਨ। ਉਨ੍ਹਾਂ ਮੀਡੀਆ ਅਤੇ ਅਦਾਲਤਾਂ 'ਤੇ ਸਰਕਾਰੀ ਕਬਜ਼ੇ ਦਾ ਵੀ ਦਾਅਵਾ ਕੀਤਾ।

ਉਹਨਾਂ ਕਿਹਾ ਕਿ ਮੇਰੀ ਰਾਏ ਵਿੱਚ ਮੋਦੀ ਭਾਰਤ ਦੇ ਤਾਣੇ-ਬਾਣੇ ਨੂੰ ਤਬਾਹ ਕਰ ਰਿਹਾ ਹੈ। ਉਹ ਭਾਰਤ 'ਤੇ ਅਜਿਹਾ ਵਿਚਾਰ ਥੋਪ ਰਹੇ ਹਨ, ਜਿਸ ਨੂੰ ਭਾਰਤ ਸਵੀਕਾਰ ਨਹੀਂ ਕਰ ਸਕਦਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਸਾਰੇ ਅਦਾਰਿਆਂ 'ਤੇ ਕਬਜ਼ਾ ਕਰ ਲਿਆ ਹੈ। ਰਾਹੁਲ ਗਾਂਧੀ ਨੇ ਕਸ਼ਮੀਰ ਦੀ ਸੁਰੱਖਿਆ ਸਥਿਤੀ 'ਤੇ ਵੀ ਚਿੰਤਾ ਪ੍ਰਗਟਾਈ।

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕੈਂਬਰਿਜ ਵਿੱਚ ਆਪਣੇ ਭਾਸ਼ਣ ਵਿੱਚ ਲੋਕਤਾਂਤਰਿਕ ਪ੍ਰਣਾਲੀਆਂ ਲਈ ਨਵੇਂ ਢੰਗ ਨਾਲ ਸੋਚਣ ਦਾ ਸੱਦਾ ਦਿੱਤਾ। ਰਾਹੁਲ ਨੇ ਆਪਣੇ ਭਾਸ਼ਣ ਵਿਚ ਦੁਨੀਆ 'ਚ ਲੋਕਤਾਂਤਰਿਕ ਮਾਹੌਲ ਨੂੰ ਅੱਗੇ ਵਧਾਉਣ ਲਈ ਨਵੀਂ ਸੋਚ ਦਾ ਸੱਦਾ ਦਿੱਤਾ, ਜਿਸ ਨੂੰ ਥੋਪਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਸੀਂ ਅਜਿਹੀ ਦੁਨੀਆਂ ਦੀ ਕਲਪਨਾ ਨਹੀਂ ਕਰ ਸਕਦੇ ਜਿੱਥੇ ਲੋਕਤੰਤਰੀ ਪ੍ਰਣਾਲੀਆਂ ਨਾ ਹੋਣ।










ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events






Capacity 350-375 seats

Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

#A/B/C 7967-128St, Surrey, BC V3W 4E7

Email:sales@peacefurnituire.ca Web:www.peacefurniture.ca